ਮੁਖਵਾਕ ਨੰਬਰ ੧੦੪ [ਆਦਿ ਅੰਗ ੬੯੪]

***ਪਤਿਤ ਪਾਵਨ ਮਾਧਉ ਬਿਰਦੁ ਤੇਰਾ ॥ ਧੰਨਿ ਤੇ ਵੈ ਮੁਨਿ ਜਨ ਜਿਨ ਧਿਆਇਓ ਹਰਿ ਪ੍ਰਭੁ ਮੇਰਾ ॥੧॥ ਮੇਰੈ ਮਾਥੈ ਲਾਗੀ ਲੇ ਧੂਰਿ ਗੋਬਿੰਦ ਚਰਨਨ ਕੀ ॥ ਸੁਰਿ ਨਰ ਮੁਨਿ ਜਨ ਤਿਨਹੂ ਤੇ ਦੂਰਿ ॥੧॥ ਰਹਾਉ ॥ ਦੀਨ ਕਾ ਦਇਆਲੁ ਮਾਧੌ ਗਰਬ ਪਰਹਾਰੀ ॥ ਚਰਨ ਸਰਨ ਨਾਮਾ ਬਲਿ ਤਿਹਾਰੀ ॥੨॥੫॥***

ਭਗਤ ਨਾਮਦੇਵ ਜੀ ਪ੍ਰੇਮ ਰਸ ਵਿਚ ਆ ਕੇ ਪ੍ਰਮੇਸ਼ਰ ਦੇ ਪਵਿੱਤ੍ਰ ਸਰੂਪ ਦਾ ਧਿਆਨ-ਧਰਕੇ ਜੋ ਪਾਪੀਆਂ ਤੋਂ ਪਾਪੀਆਂ ਨੂੰ ਭੀ ਪਵਿੱਤ੍ਰ ਕਰਨ ਵਾਲਾ ਹੈ ਐਸੀ ਪਵਿੱਤ੍ਰਤਾ ਦੇ ਮਾਲਕ ਉਸ ਪਰਮ ਪਿਤਾ ਪ੍ਰਮਾਤਮਾ ਨੂੰ ਸਨਮੁਖ ਮੰਨ ਕੇ ਇਹ ਸ਼ਬਦ ਉਚਾਰਨ ਕਰਦੇ ਹਨ। ਸ਼ਬਦ ਦੀ ਪਹਿਲੀ ਤੁਕ ਵਿਚ ਪ੍ਰਮਾਤਮਾ ਦਾ ਜੋ ਪਤਿਤ ਪਾਵਨ ਧਰਮ ਹੈ ਉਸ ਦਾ ਕਥਨ ਕਰਦੇ ਹਨ :

## ***ਪਤਿਤ ਪਾਵਨ ਮਾਧਉ ਬਿਰਦੁ ਤੇਰਾ ॥***

ਹੇ ਮਾਧਉ=ਮਾ+ਧਉ=ਮਾ=ਮਾਇਆ ਦੇ ਧਉ=ਪਤੀ=ਅਕਾਲ ਪੁਰਖ ! ਆਪ ਜੀ ਦਾ ਬਿਰਦ=ਧਰਮ ਪਤਿਤ= ਪਾਪੀਆਂ ਨੂੰ ਪਾਵਨ=ਪਵਿੱਤ੍ਰ ਕਰਨ ਵਾਲਾ ਹੈ। ਵਾ : ਮਾਧਉ=ਮਾ+ਧਵ=ਮਾ=ਪ੍ਰਕਾਸ਼, ਧਵ=ਪਤੀ ਭਾਵ ਪ੍ਰਕਾਸ਼ ਦਾ ਪਤੀ=ਪ੍ਰਮੇਸ਼ਰ।

ਯਥਾ— **ਪਤਿਤ ਉਧਾਰਨ ਭੈ ਹਰਨ ਸੁਖ ਸਾਗਰ ਨਿਰੰਕਾਰ ॥** [ਗਉੜੀ ਮਃ ੫, ਅੰਗ ੨੯੬]

ਸੁਖਾਂ ਦਾ ਸਮੁੰਦਰ ਜੋ ਨਿਰੰਕਾਰ ਵਾਹਿਗੁਰੂ ਹੈ ਉਹ ਭੈ ਨਾਸਕ ਤੇ ਪਾਪੀਆਂ ਦਾ ਉਧਾਰ ਕਰਨ ਵਾਲਾ ਹੈ।

ਯਥਾ— ੧. **ਪਤਿਤ ਉਧਾਰਣੁ ਸਤਿਗੁਰੁ ਮੇਰਾ ਮੋਹਿ ਤਿਸ ਕਾ ਭਰਵਾਸਾ ॥**
**ਬਖਸਿ ਲਏ ਸਭਿ ਸਚੈ ਸਾਹਿਬਿ ਸੁਣਿ ਨਾਨਕ ਕੀ ਅਰਦਾਸਾ ॥**
[ਸੋਰਠਿ ਮਃ ੫, ਅੰਗ ੬੨੦]

੨. **ਪਤਿਤ ਉਧਾਰਣ ਪਾਰਬ੍ਰਹਮ ਸੰਤ ਬੇਦੁ ਕਹੰਦਾ ॥**
**ਭਗਤਿ ਵਛਲੁ ਤੇਰਾ ਬਿਰਦੁ ਹੈ ਜੁਗਿ ਜੁਗਿ ਵਰਤੰਦਾ ॥**
[ਗਉੜੀ ਕੀ ਵਾਰ ਮਃ ੫, ਅੰਗ ੩੧੯]

੩. **ਪਤਿਤ ਪੁਨੀਤ ਕੀਏ ਖਿਨ ਭੀਤਰਿ ਅਗਿਆਨੁ ਅੰਧੇਰੁ ਵੰਞਾਈ ॥**
[ਰਾਮਕਲੀ ਮਃ ੫, ਅੰਗ ੯੧੫]

ਜੀਵ ਅਹਿੰਸਾ ਕਰਨ ਵਾਲਾ ਮਹਾਂ ਪਾਪੀ-ਫੰਧਕ ਜੋ ਪਾਪਾਤਮਾ ਸੀ, ਉਸ ਦਾ ਭੀ ਉਧਾਰ ਕੀਤਾ ਤੇ ਪ੍ਰਮਾਤਮਾ ਨੇ ਆਪਣੇ ਧਰਮ ਦੀ ਲਾਜ ਪਾਲੀ। ਇਸੇ ਤਰ੍ਹਾਂ ਗਨਕਾ ਜੋ ਜੀਵਨ ਤੋਂ ਡਿੱਗੀ ਔਰਤ, ਸਮਾਜ ਵਿਚ ਬੁਰਾਈਆਂ ਫੈਲਾਉਣ ਵਾਲੀ ਤੇ ਹੋਰਨਾਂ ਨੂੰ ਵੀ ਨਰਕਾਂ ਵਿਚ ਭੇਜਣ ਦਾ ਕਾਰਨ ਬਣੀ ਹੋਈ ਸੀ। ਪੈਸਿਆਂ ਬਦਲੇ ਆਪਣੇ ਸਰੀਰ ਨੂੰ ਵਿਸ਼ਈ ਪੁਰਸ਼ਾਂ ਦੇ ਅੱਗੇ ਵੇਚਦੀ ਰਹੀ। ਜੈਸਾ ਕਿ ਗੁਰਬਾਣੀ ਵਿਚ ਫੁਰਮਾਨ ਹੈ :—

**ਜਿਉ ਤਨੁ ਬਿਧਵਾ ਪਰ ਕਉ ਦੇਈ ॥ ਕਾਮਿ ਦਾਮਿ ਚਿਤੁ ਪਰ ਵਸਿ ਸੇਈ ॥**
[ਗਉੜੀ ਮਃ ੧, ਅੰਗ ੨੨੬]

ਸਾਰੀ ਜ਼ਿੰਦਗੀ ਐਸਾ ਪਾਪ ਕਰਮ ਕਰਦੀ ਦੀ ਬਤੀਤ ਹੋ ਗਈ ਤੇ ਅੰਤ ਸਮੇਂ ਮਹਾਤਮਾ ਦੇ ਦਿੱਤੇ ਹੋਏ

PDF created with pdfFactory Pro trial version www.pdffactory.com

ਤੋਤੇ ਨੂੰ ਨਾਮ ਜਪਾਉਂਦੀ, ਮੁਖ ਵਿਚ ਰਾਮ ਸੀ, ਸੱਪ ਨੇ ਡੰਗ ਮਾਰ ਦਿੱਤਾ। ਪ੍ਰਮਾਤਮਾ ਨੇ ਆਪਣੇ ਨਾਮ ਦੀ ਲਾਜ ਪਾਲਦਿਆਂ ਇਸ ਮਹਾਂ ਪਾਪਣ ਨੂੰ ਵੀ ਪਾਵਨ=ਪਵਿੱਤ੍ਰ ਕਰ ਦਿੱਤਾ।

ਇਸੇ ਤਰ੍ਹਾਂ ਬ੍ਰਾਹਮਣਾਂ ਦੇ ਘਰ ਪੈਦਾ ਹੋ ਕੇ ਇਕ ਵਿਦਵਾਨ ਦਾ ਪੁੱਤਰ ਜਿਸ ਦਾ ਨਾਮ ਅਜਾਮਲ ਸੀ। ਸਮਾਜ ਵਿਚ ਕੁਝ ਵਿਅਕਤੀਆਂ ਦੇ ਨਾਮ ਸੂਝਵਾਨ ਦਿਮਾਗਾਂ ਦੀ ਕਾਢ ਹੋਇਆ ਕਰਦੀ ਹੈ। ਕੁਝ ਨਾਮ ਸਾਰਥਕ ਭਾਵ ਸਹਿਤ ਅਰਥ ਦੇ ਹੋਇਆ ਕਰਦੇ ਹਨ ਤੇ ਕੁਝ ਨਾਮ ਨਿਰਾਰਥਕ ਭਾਵ ਅਰਥ ਰਹਿਤ ਹੋਇਆ ਕਰਦੇ ਹਨ। ਜਿਵੇਂ ਅੱਜ ਕੱਲ੍ਹ ਕਈ ਮਾਂ ਬਾਪ ਆਪਣੇ ਬੱਚਿਆਂ ਦਾ ਨਾਮ ਟਿੰਕੂ, ਮਿੰਕੂ, ਟੋਨੀ, ਨੋਨੀ ਆਦਿ ਰੱਖ ਲੈਂਦੇ ਹਨ।

ਪਰ ਇਹਨਾਂ ਦਾ ਕੋਈ ਅਰਥ ਨਹੀਂ ਬਣਦਾ ਇਹ ਨਾਂ ਨਰਾਰਥਕ ਹੁੰਦੇ ਹਨ। ਜੋ ਨਾਮ ਸਾਰਥਕ ਹਨ ਜੈਸਾ ਕਿ ਗੁਰਦਾਸ ਅਰਥ ਬਣਿਆ ਗੁਰੂ ਦਾ ਦਾਸ=ਸੇਵਕ। ਚਰਨ ਦਾਸ-ਗੁਰੂ ਦੇ ਚਰਨਾਂ ਦਾ ਦਾਸ ਤੇ ਹਰੀ ਦਾਸ=ਪ੍ਰੇਮਸ਼ਰ ਦਾ ਦਾਸ, ਗੁਰਪ੍ਰੀਤ-ਗੁਰੂ ਨਾਲ ਪ੍ਰੀਤੀ ਕਰਨ ਵਾਲਾ ਆਦਿ। ਕਿਸੇ ਬੱਚੇ ਦੇ ਨਾਮ ਤੋਂ ਉਸ ਦਾ ਨਾਮ ਰੱਖਣ ਵਾਲਿਆਂ ਦੀ ਅਕਲ ਤੇ ਸੂਝ ਬੂਝ ਦਾ ਪਤਾ ਚਲ ਜਾਂਦਾ ਹੈ। ਹੁਣ ਇਥੇ ਉਸ ਵਿਦਵਾਨ ਪੰਡਿਤ ਦੀ ਜੋ ਇਕ ਰਾਜ ਪੰਡਿਤ ਸੀ ਵਿਦਵਾਨਤਾ ਦਾ ਪਤਾ ਇਸ ਨਾਮ ਵਿਚੋਂ ਲੱਗਦਾ ਹੈ ਕਿ ਉਸਨੇ ਆਪਣੇ ਪੁੱਤਰ ਦਾ ਨਾ ਅਜਾਮਲ ਰਖਿਆ ਜਿਸ ਦਾ ਅਰਥ ਹੈ। ਅਜ=ਬ੍ਰਹਮਾ ਕੰਨੇ ਵਿਚੋਂ ਐੜਾ ਲੈ ਕੇ ਅਮਲ=ਕਰਮ=ਕੰਮ ਭਾਵ ਜਿਸ ਦਾ ਕਰਮ ਬ੍ਰਹਮਾ ਵਰਗਾ ਹੋਵੇ ਇਥੇ ਅਜਾਮਲ ਦੇ ਪਿਤਾ ਨੇ ਇਹ ਕਾਮਨਾ ਧਾਰਕੇ ਕਿ ਮੇਰਾ ਪੁੱਤਰ ਵਿਦਵਾਨ ਹੋਵੇ ਤੇ ਜਿਸ ਦਾ ਕਰਮ ਬ੍ਰਹਮਾ ਵਰਗਾ ਵੇਦਾਂ ਨੂੰ ਪੜ੍ਹਨ ਪੜ੍ਹਾਉਣ ਵਾਲਾ ਹੋਵੇ। ਫਿਰ ਇਹ ਨਾਮ ਰਖਿਆ। ਬਾਲ ਅਵਸਥਾ ਲੰਘਣ ਤੋਂ ਜਦੋਂ ਪੜ੍ਹਨ ਦੇ ਯੋਗ ਪਾਇਆ ਗਿਆ ਤਾਂ ਇਹ ਸੋਚਕੇ ਮੇਰੇ ਪੁੱਤਰ ਨੇ ਮੇਰੇ ਕੋਲੋਂ ਠੀਕ ਤਰੀਕੇ ਨਾਲ ਨਹੀਂ ਪੜ੍ਹਨਾ ਅਤੇ ਨਾਲੇ ਮੈਂ ਕੇਵਲ ਵਿਦਵਾਨ ਹੀ ਹਾਂ ਆਪਣੇ ਪੁੱਤਰ ਨੂੰ ਉੱਚੇ ਜੀਵਨ ਵਾਲਾ ਬਣਾਉਣ ਲਈ ਇਕ ਵਿਦਵਾਨ ਮਹਾਂਪੁਰਸ਼ ਕੋਲ ਪੜ੍ਹਨੇ ਪਾਇਆ, ਇਹ ਮਹਾਂਪੁਰਸ਼ ਸ਼ਹਿਰ ਤੋਂ ਬਾਹਰਵਾਰ ਕੁਟੀਆ ਬਣਾ ਕੇ ਰਹਿੰਦੇ ਸਨ। ਇਹ ਮਹਾਂਪੁਰਸ਼ ਵਿਦਵਾਨ ਹੋਣ ਦੇ ਨਾਲ-ਨਾਲ ਇਕ ਅਨੁਭਵੀ ਤਤਵੇਤਾ ਤੇ ਗਿਆਨ ਦਾ ਭੰਡਾਰ ਸਨ। ਅਜਾਮਲ ਦੇ ਪਿਤਾ ਨੇ ਆਪਣੇ ਪੁੱਤਰ ਨੂੰ ਉਨ੍ਹਾਂ ਮਹਾਂਪੁਰਸ਼ਾਂ ਦੇ ਚਰਨਾਂ ਵਿਚ ਲਿਜਾ ਕੇ ਕੁਝ ਮਿਸ਼ਟਾਨ ਧਰ ਕੇ ਨਮਸ਼ਕਾਰ ਕੀਤੀ ਤੇ ਬੇਨਤੀ ਕਰਕੇ ਕਿਹਾ ਮੈਂ-ਅੱਜ ਆਪਣੇ ਪੁੱਤਰ ਨੂੰ ਤੁਹਾਡੇ ਚਰਨਾਂ ਵਿਚ ਸੌਂਪਣ ਲਗਿਆ ਹਾਂ ਇਸ ਨੂੰ ਉੱਚਾ ਤੇ ਕਰਨੀ ਵਾਲਾ ਜੀਵਨ ਪ੍ਰਦਾਨ ਕਰਨਾ ਜੀ ਤਾਂ ਮਹਾਂਪੁਰਸ਼ਾਂ ਨੇ ਕਿਹਾ ਪੰਡਿਤ ਜੀ! ਬ੍ਰਹਮ ਵਿਦਿਆ ਉੱਚੇ ਜੀਵਨ ਲਈ ਹੀ ਹੈ। ਉੱਚੇ ਜੀਵਨ ਵਿਚ ਵਿਦਿਆਰਥੀ ਨੂੰ ਵਿਦਿਆ ਪੜ੍ਹਾਉਣ ਵਾਲੇ ਦੀ ਆਗਿਆ ਦਾ ਪਾਲਣ ਕਰਨਾ ਹੁੰਦਾ ਹੈ। ਜੇ ਤੁਹਾਡਾ ਪੁੱਤਰ ਆਗਿਆ ਵਿਚ ਰਹੇਗਾ ਕਦੇ ਗੁਰੂ ਕੋਲ ਝੂਠ ਨਹੀਂ ਬੋਲੇਗਾ ਤਾਂ ਅਵੱਸ਼ ਹੀ ਇਸ ਦਾ ਜੀਵਨ ਉੱਚਾ ਹੋਵੇਗਾ। ਪਰ ਜੇ ਆਗਿਆ ਤੋਂ ਬਾਹਰ ਰਹਿ ਕੇ ਵਿਦਿਆ ਪੜ੍ਹੇਗਾ ਤਾਂ ਵਿਦਵਾਨ ਤਾਂ ਬਣ ਜਾਵੇਗਾ ਪਰ ਉੱਚੇ ਜੀਵਨ ਵਾਲਾ ਨਹੀਂ ਬਣ ਸਕੇਗਾ। ਅਜਿਹੀ ਵਿਦਿਆ ਸਤਿਕਾਰ ਨਹੀਂ ਵਧਾਏਗੀ ਬਲਕਿ ਅਪਮਾਨ ਦਾ ਕਾਰਨ ਬਣ ਜਾਏਗੀ। ਪਿਤਾ ਨੇ ਸ਼ੁਭ ਸਿਖਿਆ ਦੇ ਕੇ ਅਜਾਮਲ ਨੂੰ ਪੜ੍ਹਨੇ ਪਾ ਦਿੱਤਾ। ਵਿਦਿਆ ਦੇ ਨਾਲ-ਨਾਲ ਗੁਰੂ ਜੀ ਨੇਕ ਸਿਖਿਆ ਦਿੰਦੇ ਰਹੇ। ਜਦੋਂ ਅਜਾਮਲ ਜੁਆਨ ਹੋਣ ਲੱਗਾ ਤੇ ਵਿਦਿਆ ਵੀ ਸੰਪੂਰਨ ਹੋਣ ਲੱਗੀ। ਇਹ ਗੱਲ ਅਜਾਮਲ ਦਾ ਗੁਰੂ ਜੋ ਹਮੇਸ਼ਾ ਤੋਂ ਕਹਿੰਦਾ ਆ ਰਿਹਾ ਸੀ ਕਿ ਬੇਟਾ! ਮੇਰੇ ਕੋਲ ਸ਼ਹਿਰ ਵਿਚ ਦੀ ਨਹੀਂ ਬਲਕਿ ਉਪਰ ਦੀ ਆਇਆ ਕਰ, ਅਜਾਮਲ ਨੂੰ ਦੂਰ ਦਾ ਚੱਕਰ ਕਟਣਾ ਪੈਂਦਾ। ਜਦੋਂ ਅਜਾਮਲ ਜਵਾਨੀ ਵਿਚ ਪੈਰ ਧਰਨ ਲੱਗਾ ਤਾਂ ਗੁਰੂ ਨੇ ਹਰ ਰੋਜ਼ ਪੁੱਛਣਾ ਕਿ ਅਜਾਮਲ, ਬਾਹਰ ਦੀ ਆਇਆ ਹੈਂ ? ਇਕ ਦਿਨ ਅਜਾਮਲ ਨੇ ਸੋਚਿਆ ਕਿ ਗੁਰੂ ਜੀ ਮੈਨੂੰ ਹਰ ਰੋਜ਼ ਪੁੱਛਦੇ ਹਨ ਤੇ ਸ਼ਹਿਰ ਦੇ ਵਿਚ ਦੀ ਆਉਣ ਦੀ ਆਗਿਆ ਨਹੀਂ ਦਿੰਦੇ। ਇਸ ਨੇ ਗੁਰੂ ਨੂੰ ਪੁਛਿਆ ਕਿ ਗੁਰੂ ਜੀ! ਮੈਂ ਸ਼ਹਿਰ ਦੇ ਵਿਚੋਂ ਕਿਉਂ ਨਹੀਂ ਆਉਣਾ ਤਾਂ ਗੁਰੂ ਜੀ ਨੇ ਕਿਹਾ ਕਿ ਅਜਾਮਲ! ਤੇਰਾ ਬਾਹਰ ਨੂੰ ਆਉਣ ਵਿਚ ਹੀ ਭਲਾ ਹੈ ਕਿਉਂਕਿ ਸ਼ਹਿਰ ਵਿਚ ਇਕ ਬੜੀ ਗੰਦੀ ਬਸਤੀ ਹੈ ਉਸ ਤੋਂ ਬਚਣ ਲਈ ਤੈਨੂੰ ਸ਼ਹਿਰ ਵਿਚੋਂ ਆਉਣ ਤੋਂ ਮਨ੍ਹਾ ਕੀਤਾ ਹੈ। ਇਕ ਦਿਨ ਅਜਾਮਲ ਨੇ ਆਪਣੀ ਮਰਜ਼ੀ ਕੀਤੀ ਤੇ ਉਸ ਬਜ਼ਾਰ ਵਿਚੋਂ ਲੰਘਿਆ ਜੋ ਵੇਸਵਾਵਾਂ ਦਾ ਬਜ਼ਾਰ ਸੀ। ਸੋਚਿਆ ਕਿ ਗੁਰੂ ਨੂੰ ਕਿਹੜਾ ਇਸ ਗੱਲ ਦਾ ਪਤਾ ਲੱਗਣਾ ਹੈ। ਜੇ ਪਤਾ ਲੱਗ ਵੀ ਗਿਆ ਤਾਂ ਮੇਰੀ ਤਾਂ

PDF created with pdfFactory Pro trial version www.pdffactory.com

ਵਿਦਿਆ ਦਾ ਸਮਾਂ ਪੂਰਾ ਹੋਣ ਹੀ ਵਾਲਾ ਹੈ। ਜੇ ਅੱਗੇ ਨਹੀਂ ਵੀ ਪੜ੍ਹਾਣਗੇ ਤਾਂ ਵਥੇਰਾ ਪੜ੍ਹ ਲਿਆ ਹੈ। ਜਦੋਂ ਗੁਰੂ ਨੇ ਪੁਛਿਆ ਤਾਂ ਇਸਨੇ ਝੂਠ ਬੋਲ ਦਿੱਤਾ ਕਿ ਮੈਂ ਬਾਹਰ ਦੀ ਆਇਆ ਹਾਂ। ਰੋਜ਼-ਰੋਜ਼ ਆਉਣ ਕਰਕੇ ਅਜਾਮਲ ਦੇ ਨੇਤਰ ਵੀ ਚੰਚਲ ਹੋ ਗਏ ਤੇ ਇਕ ਨੌਜ਼ਵਾਨ ਵੇਸਵਾ ਨੇ ਹਾਵ=ਭਾਵ ਦਿਖਾ ਕੇ ਇਸਨੂੰ ਆਪਣੇ ਕਾਬੂ ਕਰ ਲਿਆ। ਜਦੋਂ ਸੰਥਿਆ ਠੀਕ ਢੰਗ ਨਾਲ ਪਕਦੀ ਨਾ ਦੇਖੀ ਤਾਂ ਮਹਾਂਪੁਰਸ਼ਾਂ ਨੇ ਇਸ ਦੇ ਪਿਤਾ ਨੂੰ ਬੁਲਾ ਕੇ ਕਿਹਾ ਕਿ ਇਸ ਦੀ ਰੁਚੀ ਹੁਣ ਹੋਰ ਪੜ੍ਹਨ ਦੀ ਨਹੀਂ ਰਹੀ ਬਲਕਿ ਮੇਰੀ ਰਾਇ ਹੈ ਕਿ ਇਸ ਦੀ ਸ਼ਾਦੀ ਕਰ ਦਿੱਤੀ ਜਾਵੇ। ਪਿਤਾ ਨੇ ਐਸਾ ਹੀ ਕੀਤਾ ਤੇ ਇਕ ਸੁਸ਼ੀਲ ਕੰਨਿਆ ਦੇ ਨਾਲ ਇਸ ਦੀ ਸ਼ਾਦੀ ਕਰ ਦਿੱਤੀ ਪਰ ਫਿਰ ਵੀ ਚੋਰੀ ਤੋਂ ਉਸ ਵੇਸਵਾ ਦੇ ਜਾਣੋਂ ਨਾ ਰੁਕਿਆ। ਇਨ੍ਹਾਂ ਹੀ ਦਿਨਾਂ ਵਿਚ ਇਸ ਦੇ ਪਿਤਾ ਦੀ ਮੌਤ ਹੋ ਗਈ। ਬਾਦਸ਼ਾਹ ਨੇ ਆਪਣੇ ਰਾਜ ਪੰਡਿਤ ਦੇ ਥਾਂ ਉਸ ਦੇ ਪੁੱਤਰ ਨੂੰ ਰਾਜ ਪੰਡਿਤ ਬਣਾ ਲਿਆ। ਹੌਲੀ-ਹੌਲੀ ਇਸ ਦਾ ਔਗੁਣ ਲੋਕਾਂ ਵਿਚ ਪ੍ਰਗਟ ਹੋਣ ਲੱਗਾ। ਜਦੋਂ ਪੱਕੇ ਸਬੂਤ ਮਿਲ ਗਏ ਤਾਂ ਕਿਸੇ ਨੇ ਬਾਦਸ਼ਾਹ ਕੋਲ ਜਾ ਕੇ ਸ਼ਿਕਾਇਤ ਕਰ ਦਿੱਤੀ ਕਿ ਮਹਾਰਾਜ! ਰਾਜ ਪੰਡਿਤ ਵੇਸਵਾ ਗਾਮੀ ਹੈ। ਆਪਣੇ ਗੁਪਤਚਰਾਂ ਰਾਹੀਂ ਇਹ ਗੱਲ ਸਾਬਤ ਹੋ ਜਾਣ ਪਿਛੋਂ ਬਾਦਸ਼ਾਹ ਨੇ ਭਰੇ ਦਰਬਾਰ ਵਿਚ ਸਖ਼ਤ ਸਜ਼ਾ ਦਾ ਹੁਕਮ ਦਿੰਦਿਆਂ ਹੁਕਮ ਕੀਤਾ ਕਿ ਅਜਾਮਲ ਤੂੰ ਪੰਡਿਤ ਨਹੀਂ ਮਹਾਂ ਪਾਪੀ ਹੈ ਜੋ ਆਪਣੀ ਪਤੀਬ੍ਰਤਾ ਵਿਆਹੁਤਾ ਇਸਤ੍ਰੀ ਨੂੰ ਛੱਡ ਕੇ ਬਿਭਚਾਰਨੀ ਔਰਤ ਦਾ ਸੰਗੀ ਬਣਿਆ ਹੈਂ। ਇਸ ਮਹਾਂ ਦੋਸ਼ ਸਾਬਤ ਹੋ ਜਾਣ ਤੇ ਤੈਨੂੰ ਇਹ ਹੁਕਮ ਸੁਣਾਇਆ ਜਾਂਦਾ ਹੈ ਕਿ ਤੈਨੂੰ ਦੇਸ਼ ਨਿਕਾਲਾ ਦਿੱਤਾ ਜਾਂਦਾ ਹੈ। ਜਿਥੇ ਤੱਕ ਮੇਰੇ ਰਾਜ ਦੀ ਹੱਦ ਹੈ ਇਸ ਦੇ ਅੰਦਰ ਨਹੀਂ ਰਹੇਂਗਾ। ਦੂਜਾ ਤੇਰੀ ਜ਼ਮੀਨ ਜਾਇਦਾਦ-ਮਕਾਨ ਜੋ ਤੇਰੇ ਬਾਪ ਦਾਦੇ ਦਾ ਧਨ ਪਦਾਰਥ ਹੈ ਉਸ ਦੀ ਮਾਲਕ ਤੇਰੀ ਵਿਆਹੁਤਾ ਇਸਤਰੀ ਹੋਵੇਗੀ। ਤੀਸਰਾ ਤੇਰੇ ਨਾਲ ਹੀ ਵੇਸਵਾ ਨੂੰ ਵੀ ਦੇਸ਼ ਨਿਕਾਲਾ ਦਿੱਤਾ ਜਾਂਦਾ ਹੈ ਜਿਸ ਨੇ ਧਨ ਦੇ ਲਾਲਚ ਵਿਚ ਇਤਨੀ ਭੀ ਸ਼ਰਮ ਨਹੀਂ ਕੀਤੀ ਕਿ ਰਾਜ ਪੰਡਿਤ ਹੈ। ਤਨ ਤੇ ਪਹਿਨੇ ਬਸਤ੍ਰਾਂ ਤੋਂ ਬਿਨਾਂ ਹੋਰ ਕੋਈ ਵਸਤੂ ਚੁੱਕਣ ਦੀ ਆਗਿਆ ਨਹੀਂ ਦਿੱਤੀ। ਵੇਸਵਾ ਤੇ ਅਜਾਮਲ ਨੂੰ ਧੱਕੇ ਮਾਰ ਕੇ ਪ੍ਰਜਾ ਤੋਂ ਅਪਮਾਨ ਕਰਾਕੇ ਬਾਹਰ ਕੱਢ ਦਿੱਤਾ। ਇਨ੍ਹਾਂ ਨੇ ਜਾ ਕੇ ਜੰਗਲ ਵਿਚ ਰਹਿਣਾ ਸ਼ੁਰੂ ਕੀਤਾ। ਉਥੇ ਜਾ ਕੇ ਪਸ਼ਚਾਤਾਪ ਕਰਦੇ ਹਨ। ਉਧਰੋਂ ਇਸ ਤੋਂ ਬਾਅਦ ਇਕ ਬੱਚੇ ਪੈਦਾ ਹੋਣੇ ਸ਼ੁਰੂ ਹੋ ਗਏ। ਆਪਣਾ ਤੇ ਬੱਚਿਆਂ ਦਾ ਪਾਲਣ ਪੋਸਣ ਹੁੰਦਾ ਨਾ ਦੇਖਕੇ ਇਕ ਸ਼ਿਕਾਰੀ ਦਾ ਜੀਵਨ ਬਤੀਤ ਕਰਨ ਲੱਗਾ। ਜੀਵ ਹਿੰਸਾ ਕਰਕੇ ਉਨ੍ਹਾਂ ਜੀਵਾਂ ਦਾ ਮਾਸ ਭੁੰਨ ਕੇ ਆਪ ਖਾਣਾ, ਬੱਚਿਆਂ ਅਤੇ ਵੇਸਵਾ ਨੂੰ ਖਵਾਉਣਾ। ਇਸ ਦੇ ਨਾਲ ਹੀ ਆਪਣੇ ਪਹਿਲੇ ਜੀਵਨ ਨੂੰ ਯਾਦ ਕਰਕੇ ਮਨ ਵਿਚ ਝੁਰਦਾ ਰਹਿੰਦਾ ਸੀ। ਵੇਸਵਾ ਦੇ ਪੇਟੋਂ ਛੇ ਪੁੱਤਰ ਪੈਦਾ ਹੋ ਗਏ ਇਕ ਦਿਨ ਵਾਰਸ਼ ਪੈਂਦੀ ਸੀ ਇਹ ਅਜੇ ਸ਼ਿਕਾਰ ਤੋਂ ਨਹੀਂ ਸੀ ਮੁੜਿਆ ਕਿ ਪਿਛੋਂ ਦੋ ਮਹਾਂਪੁਰਸ਼ ਇਸ ਦੇ ਘਰ ਆ ਪਹੁੰਚੇ। ਜਦੋਂ ਇਹ ਬਾਹਰੋਂ ਮੁੜਿਆ ਤਾਂ ਇਸ ਦੇ ਘਰਵਾਲੀ ਵੇਸਵਾ ਨੇ ਅੱਗੇ ਹੋ ਕੇ ਇਸ਼ਾਰਾ ਕੀਤਾ ਕਿ ਘਰ ਮਹਾਤਮਾ ਆਏ ਹਨ ਕਿਤੇ ਜੀਵ ਹਿੰਸਾ ਦੇਖਕੇ ਘਰ ਤੋਂ ਚਲੇ ਨਾ ਜਾਣ। ਅੱਜ ਆਪਾਂ ਵੈਸ਼ਨੂੰ ਭੋਜਨ ਹੀ ਕਰੀਏ ਤਾਂਕਿ ਮਹਾਤਮਾ ਦੀ ਖੁਸ਼ੀ ਲਈ ਜਾਵੇ। ਅਜਾਮਲ ਨੇ ਸ਼ਿਕਾਰ ਜੋ ਮਾਰ ਕੇ ਲਿਆਂਦਾ ਸੀ ਪਰੇ ਛੁਪਾ ਦਿੱਤਾ ਤੇ ਹੱਥ ਪੈਰ ਧੋ ਕੇ ਨਮਸ਼ਕਾਰ ਕੀਤੀ। ਭੋਜਨ ਛਕਾਇਆ। ਰਾਤ ਨੂੰ ਮੁਠੀ ਚਾਪੀ ਕਰਨ ਲੱਗਾ ਤੇ ਨਾਲੇ ਆਪਣੇ ਜੀਵਨ ਭਰ ਦੇ ਗੁਨਾਹ ਰੋ-ਰੋ ਕੇ ਦੱਸਣ ਲੱਗਾ ਕਿ ਮਹਾਰਾਜ ਮੈਂ ਮਹਾਂ ਪੰਡਿਤ ਤੋਂ ਮਹਾਂ ਪਾਪੀ ਬਣ ਗਿਆ ਹਾਂ ਕਿਸੇ ਤਰ੍ਹਾਂ ਮੇਰਾ ਵੀ ਉਧਾਰ ਹੋ ਸਕਦਾ ਹੈ ? ਤਾਂ ਮਹਾਤਮਾ ਨੇ ਕਿਹਾ ਜੋ ਤੇਰੀ ਘਰਵਾਲੀ ਦੇ ਪੇਟ ਵਿਚ ਬੱਚਾ ਹੈ ਇਸ ਦਾ ਨਾਮ ਨਰਾਇਣ ਰੱਖੀ ਤੇ ਇਸ ਨਾਲ ਪ੍ਰੇਮ ਕਰੀਂ ਇਹੀ ਤੈਨੂੰ ਜਮਾਂ ਤੋਂ ਬਚਾਵੇਗਾ। ਅਜਾਮਲ ਨੇ ਮਹਾਤਮਾ ਦਾ ਬਚਨ ਮੰਨ ਕੇ ਪੁੱਤਰ ਦਾ ਨਾਮ ਨਰਾਇਣ ਰਖਿਆ। ਅੰਤ ਸਮਾਂ ਜਦੋਂ ਆਇਆ ਤਾਂ ਜਮਾਂ ਨੂੰ ਦੇਖਕੇ ਕਹਿਣ ਲੱਗਾ ਕਿ ਪੁੱਤਰ ਨਰਾਇਣ ਰਖਿਆ ਕਰੀਂ। ਘਬਰਾਏ ਹੋਏ ਨੂੰ ਪੁੱਤਰ ਸ਼ਬਦ ਭੁੱਲ ਤੇ ਨਾਰਾਇਣ ਰਖਿਆ ਕਰੀਂ-ਨਾਰਾਇਣ ਰਖਿਆ ਕਰੀਂ ਕਹਿਣ ਲੱਗਾ। ਜਿਸ ਤੋਂ ਪ੍ਰਮਾਤਮਾ ਨੇ ਆਪਣੇ ਬਿਰਦ ਬਾਣੇ ਦੀ ਲਾਜ ਰਖਦਿਆਂ ਹੋਇਆ ਇਸ ਮਹਾਂ ਪਾਪੀ ਨੂੰ ਵੀ ਪਵਿੱਤ੍ਰ ਕਰਕੇ ਬੈਕੁੰਠ ਵਿਚ ਥਾਂ ਦਿੱਤਾ ਇਸ ਕਰਕੇ ਨਾਮਦੇਵ ਜੀ ਕਹਿੰਦੇ ਹਨ ਕਿ ਹੇ ਪ੍ਰਮੇਸ਼ਰ ਤੇਰਾ ਧਰਮ ਪਤਿਤਾਂ ਨੂੰ ਪਵਿੱਤ੍ਰ ਕਰਨ ਵਾਲਾ ਹੈ। ਭਾਈ ਗੁਰਦਾਸ ਜੀ ਕਥਨ ਕਰਦੇ ਹਨ :

PDF created with pdfFactory Pro trial version www.pdffactory.com

**ਪਤਿਤੁ ਅਜਾਮਲ ਪਾਪੁ ਕਰਿ ਜਾਇ ਕਲਾਵਤਣੀ ਦੇ ਰਹਿਆ॥
ਗੁਰੂ ਤੇ ਬੇਮੁਖੁ ਹੋਇ ਕੈ ਪਾਪ ਕਮਾਵੈ ਦੁਰਮਤਿ ਦਹਿਆ॥
ਬਿਰਥਾ ਜਨਮੁ ਗਵਾਇਆ ਭਵਜਲ ਅੰਦਰਿ ਫਿਰਦਾ ਵਹਿਆ॥
ਛਿਅ ਪੁਤ ਜਾਏ ਵੇਸੁਆ ਪਾਪਾ ਦੇ ਫਲ ਇਛੇ ਲਹਿਆ॥
ਪੁਤੁ ਉਪੰਨਾ ਸਤਵਾਂ ਨਾਉ ਧਰਣ ਨੋ ਚਿਤਿ ਉਮਹਿਆ॥
ਗੁਰੂ ਦੁਆਰੈ ਜਾਇ ਕੈ ਗੁਰਮੁਖਿ ਨਾਉ ਨਰਾਇਣੁ ਕਹਿਆ॥
ਅੰਤਕਾਲ ਜਮਦੂਤ ਵੇਖਿ ਪੁਤ ਨਰਾਇਣੁ ਬੋਲੈ ਛਹਿਆ॥
ਜਮਗਣ ਮਾਰੇ ਹਰਿ ਜਨਾਂ ਗਇਆ ਸੁਰਗ ਜਮੁ ਡੰਡੁ ਨ ਸਹਿਆ
ਨਾਇ ਲਏ ਦੁਖੁ ਡੇਰਾ ਢਹਿਆ॥੨੦॥** [ਭਾਈ ਗੁਰਦਾਸ ਜੀ, ਵਾਰ ੧੦ ਪਉੜੀ ੨੦]

## *ਧੰਨਿ ਤੇ ਵੈ ਮੁਨਿ ਜਨ ਜਿਨ ਧਿਆਇਓ ਹਰਿ ਪ੍ਰਭੁ ਮੇਰਾ ॥੧॥*

ਵੈ=ਉਹ ਮੁਨੀ=ਮੰਨਣ ਸ਼ੀਲ ਮਹਾਤਮਾ ਤੇ ਪ੍ਰਮਾਤਮਾ ਜਨ=ਸੇਵਕ ਧੰਨਤਾ ਦੇ ਯੋਗ ਹਨ ਜਿਨ੍ਹਾਂ ਨੇ ਮੇਰੇ ਹਰਿ=ਪ੍ਰਮੇਸ਼ਰ ਪ੍ਰਭੂ=ਮਾਲਕ ਨੂੰ ਧਿਆਇਆ ਹੈ।

## *ਮੇਰੈ ਮਾਥੈ ਲਾਗੀ ਲੇ ਧੂਰਿ ਗੋਬਿੰਦ ਚਰਨਨ ਕੀ ॥
ਸੁਰਿ ਨਰ ਮੁਨਿ ਜਨ ਤਿਨਹੂ ਤੇ ਦੂਰਿ ॥੧॥ ਰਹਾਉ ॥*

ਜੋ ਸੁਰਿ=ਦੇਵਤੇ, ਨਰ=ਮਨੁੱਖ ਤੇ ਮੁਨੀ ਜਨ ਹਨ ਤਿਨਹੂ ਤੇ=ਤਿਨ੍ਹਾਂ ਦੀ ਪਹੁੰਚ ਤੋਂ ਪਰੇ ਜੋ ਪ੍ਰਮੇਸ਼ਰ ਹੈ ਉਸ ਦੇ ਚਰਨਾਂ ਦੀ ਧੂੜ ਮੇਰੇ ਮੱਥੇ ਤੇ ਲਾਗੀ ਲੇ=ਪ੍ਰਾਪਤ ਹੋਵੇ।

## *ਦੀਨ ਕਾ ਦਇਆਲੁ ਮਾਧੌ ਗਰਬ ਪਰਹਾਰੀ ॥*

ਹੇ ਮਾਧੋ ! ਤੂੰ ਦੀਨਾਂ ਦਾ ਪੱਖੀ ਤੇ ਦਿਆਲੂ ਹੈਂ ਵਾ ਦੀਨ=ਦੁਖੀਆਂ ਤੇ ਦਿਆਲੂ ਹੋਣ ਵਾਲਾ ਹੈਂ ਤੇ ਹੰਕਾਰੀਆਂ ਦੇ ਗਰਬ=ਹੰਕਾਰ ਨੂੰ ਪਰਹਾਰੀ=ਵਿਸ਼ੇਸ ਕਰਕੇ ਨਾਸ ਕਰਨ ਵਾਲੇ ਹੈਂ।

## *ਚਰਨ ਸਰਨ ਨਾਮਾ ਬਲਿ ਤਿਹਾਰੀ ॥੨॥੫॥*

ਨਾਮਦੇਵ ਜੀ ਕਥਨ ਕਰਦੇ ਹਨ ਕਿ ਮੈਂ ਨਾਮਾ=ਨਾਮਦੇਵ ਆਪ ਜੀ ਦੇ ਚਰਨਾਂ ਦੀ ਸ਼ਰਨ ਗ੍ਰਹਿਣ ਕਰਦਾ ਹੋਇਆ ਆਪ ਜੀ ਦੀ ਵਡਿਆਈ ਤੋਂ ਬਲਿਹਾਰ=ਕੁਰਬਾਨ ਜਾਂਦਾ ਹੈ।

ਵਾਹਿਗੁਰੂ ਜੀ ਕੀ ਫ਼ਤਹ॥ ਵਾਹਿਗੁਰੂ ਜੀ ਕੀ ਫ਼ਤਹ॥

PDF created with pdfFactory Pro trial version www.pdffactory.com

ਮੁਖਵਾਕ ਨੰਬਰ ੧੦੫ [ਆਦਿ ਅੰਗ ੬੯੬]

**ਜੈਤਸਰੀ ਮਹਲਾ ੪ ਘਰੁ ੧ ਚਉਪਦੇ ੧ੴ ਸਤਿਗੁਰ ਪ੍ਰਸਾਦਿ ॥ ਮੇਰੈ ਹੀਅਰੈ ਰਤਨੁ ਨਾਮੁ ਹਰਿ ਬਸਿਆ ਗੁਰਿ ਹਾਥੁ ਧਰਿਓ ਮੇਰੈ ਮਾਥਾ ॥ ਜਨਮ ਜਨਮ ਕੇ ਕਿਲਬਿਖ ਦੁਖ ਉਤਰੇ ਗੁਰਿ ਨਾਮੁ ਦੀਓ ਰਿਨੁ ਲਾਥਾ ॥੧॥ ਮੇਰੇ ਮਨ ਭਜੁ ਰਾਮ ਨਾਮੁ ਸਭਿ ਅਰਥਾ ॥ ਗੁਰਿ ਪੂਰੈ ਹਰਿ ਨਾਮੁ ਦ੍ਰਿੜਾਇਆ ਬਿਨੁ ਨਾਵੈ ਜੀਵਨੁ ਬਿਰਥਾ ॥ ਰਹਾਉ ॥ ਬਿਨੁ ਗੁਰ ਮੂੜ ਭਏ ਹੈ ਮਨਮੁਖ ਤੇ ਮੋਹ ਮਾਇਆ ਨਿਤ ਫਾਥਾ ॥ ਤਿਨ ਸਾਧੂ ਚਰਣ ਨ ਸੇਵੇ ਕਬਹੂ ਤਿਨ ਸਭੁ ਜਨਮੁ ਅਕਾਥਾ ॥੨॥ ਜਿਨ ਸਾਧੂ ਚਰਣ ਸਾਧ ਪਗ ਸੇਵੇ ਤਿਨ ਸਫਲਿਓ ਜਨਮੁ ਸਨਾਥਾ ॥ ਮੋ ਕਉ ਕੀਜੈ ਦਾਸੁ ਦਾਸ ਦਾਸਨ ਕੋ ਹਰਿ ਦਇਆ ਧਾਰਿ ਜਗੰਨਾਥਾ ॥੩॥ ਹਮ ਅੰਧੁਲੇ ਗਿਆਨਹੀਨ ਅਗਿਆਨੀ ਕਿਉ ਚਾਲਹ ਮਾਰਗਿ ਪੰਥਾ ॥ ਹਮ ਅੰਧੁਲੇ ਕਉ ਗੁਰ ਅੰਚਲੁ ਦੀਜੈ ਜਨ ਨਾਨਕ ਚਲਹ ਮਿਲੰਥਾ ॥੪॥੧॥**

## ਜੈਤਸਰੀ ਮਹਲਾ ੪ ਘਰੁ ੧ ਚਉਪਦੇ ੧ੴ ਸਤਿਗੁਰ ਪ੍ਰਸਾਦਿ ॥

ਇਹ ਗੁਰਵਾਕ ਗੁਰੂ ਨਾਨਕ ਸਾਹਿਬ ਦੇ ਚੌਥੇ ਸਰੂਪ ਸ੍ਰੀ ਗੁਰੂ ਰਾਮਦਾਸ ਜੀ ਦਾ ਉਚਾਰਨ ਕੀਤਾ ਹੋਇਆ ਜੈਤਸਰੀ ਰਾਗੁ ਵਿਚ ਅੰਕਿਤ ਹੈ। ਰਾਗ ਦੇ ਪਹਿਲੇ ਸੁਰਤਾਲ ਵਿਚ ਚਾਰ ਪਦਿਆਂ ਵਾਲਾ ਸ਼ਬਦ ਹੈ। ਪਹਿਲਾਂ ਵਸਤੂ ਨਿਰਦੇਸ਼ਕ ਮੰਗਲ ਕਰਦੇ ਹਨ। ੧=ਅਦੁਤੀ ੴ=ਸਰਬ ਦਾ ਪ੍ਰਕਾਸ਼ਕ ਸਤਿ=ਨਾਸ ਤੋਂ ਰਹਿਤ ਗੁਰ=ਚੇਤਨ ਪ੍ਰਸਾਦਿ=ਅਨੰਦ ਸਰੂਪ।

**ਉਥਾਨਕਾ** : ਅੰਮ੍ਰਿਤਸਰ ਦੀ ਪਵਿਤਰ ਧਰਤੀ ਵਿਚ ਸਤਿਗੁਰੂ ਗੁਰੂ ਰਾਮਦਾਸ ਜੀ ਬਿਰਾਜਮਾਨ ਸਨ। ਜਿਸ ਅੰਮ੍ਰਿਤਸਰ ਦੀ ਵਡਿਆਈ ਗੁਰਬਾਣੀ ਵਿਚ ਅਨੇਕਾਂ ਥਾਵਾਂ ਤੇ ਅਜਿਹੀ ਭਾਵਨਾ ਨਾਲ ਕੀਤੀ ਗਈ ਹੈ ਕਿ ਇਸ ਵਰਗੀ ਹੋਰ ਪਵਿਤਰ ਧਰਤੀ ਨਹੀਂ ਹੈ।

ਯਥਾ— **ਡਿਠੇ ਸਭੇ ਥਾਵ ਨਹੀ ਤੁਧੁ ਜੇਹਿਆ ॥** [ਫੁਨਹੇ ਮਃ ੫, ਅੰਗ ੧੩੬੨]

ਵਿਚਾਰਵਾਨਾਂ ਨੇ ਸਾਰੇ ਥਾਂ ਫਿਰ ਕੇ ਵੇਖੇ ਹਨ ਪਰ ਅੰਮ੍ਰਿਤਸਰ ਦੇ ਸਦਰਸ਼ ਕੋਈ ਧਰਤੀ ਨਹੀਂ ਹੈ। ਕਿਉਂਕਿ ਫਲਬਰਦਾਤੇ ਪ੍ਰਮਾਤਮਾ ਨੇ ਆਪ ਇਸ ਨੂੰ ਬੰਨ੍ਹਣਾ ਕੀਤਾ ਹੈ।

ਯਥਾ— **ਬਧੋਹੁ ਪੁਰਖਿ ਬਿਧਾਤੈ ਤਾਂ ਤੂ ਸੋਹਿਆ ॥ ਵਸਦੀ ਸਘਨ ਅਪਾਰ ਅਨੂਪ ਰਾਮਦਾਸ ਪੁਰ ॥**
**ਹਰਿਹਾਂ ਨਾਨਕ ਕਸਮਲ ਜਾਹਿ ਨਾਇਐ ਰਾਮਦਾਸ ਸਰ ॥੧੦॥** [ਫੁਨਹੇ ਮਃ ੫, ਅੰਗ ੧੩੬੨]

ਇਹੋ ਜਿਹੀ ਪਵਿਤਰ ਭੂਮੀ ਵਿਚ ਸਤਿਗੁਰੂ ਜੀ ਬਿਰਾਜੇ ਹੋਏ ਸਨ ਜਿਥੇ ਅਨੇਕਾਂ ਸਿੱਖ ਆਪਣੀ ਕਲਿਆਣ ਲਈ ਸਤਿਗੁਰਾਂ ਦੇ ਦਰ ਤੇ ਮੁਕਤੀ ਦਾ ਮਾਰਗ ਪੁੱਛਣ ਲਈ ਜੀਵਨ ਜਾਚ ਸਿੱਖਣ ਲਈ ਅਨੇਕਾਂ ਤਰ੍ਹਾਂ ਦੇ ਪ੍ਰਭੂ ਮਿਲਾਪ ਦੇ ਪ੍ਰਸ਼ਨ ਪੁਛਿਆ ਕਰਦੇ ਸਨ ਅਤੇ ਸ਼ੁਭ ਸਿਖਿਆ ਲੈ ਕੇ ਪਰਮਪਦ ਦੀ ਪ੍ਰਾਪਤੀ ਕਰਦੇ ਸਨ। ਇਕ ਦਿਨ ਸਨਮੁਖ ਨਾਮੇ ਸਿੱਖ ਨੇ ਸਤਿਗੁਰੂ ਜੀ ਨੂੰ ਬੇਨਤੀ ਪੂਰਬਕ ਪੁੱਛਣ ਲੱਗਾ ਮਹਾਰਾਜ ਜੀ! ਦੱਸੋ ਕਿ ਹਿਰਦੇ ਵਿਚ ਨਾਮ ਦਾ ਵਾਸਾ ਕਿਵੇਂ ਹੋਵੇਗਾ ਤਾਂ ਸਤਿਗੁਰੂ ਜੀ ਨੇ ਇਸ ਉੱਤਰ ਵਿਚ ਇਹ ਅੰਮ੍ਰਿਤ ਬਚਨ ਉਚਾਰਨ ਕੀਤਾ ਜੋ ਮੁਖਵਾਕ ਵਿਚ ਪ੍ਰਾਪਤ ਹੈ :

## ਮੇਰੈ ਹੀਅਰੈ ਰਤਨੁ ਨਾਮੁ ਹਰਿ ਬਸਿਆ ਗੁਰਿ ਹਾਥੁ ਧਰਿਓ ਮੇਰੈ ਮਾਥਾ ॥

ਸਤਿਗੁਰੂ ਜੀ ਦਸਦੇ ਹਨ ਕਿ ਮੇਰੇ ਹਿਰਦੇ ਵਿਚ ਪ੍ਰਮੇਸ਼ਰ ਦਾ ਨਾਮ ਜੋ ਰਤਨਾਂ ਤੋਂ ਵੀ ਅਮੋਲਕ ਹੈ ਵਾ-ਅਸਲੀ ਰਤਨ ਹੈ ਉਦੋਂ ਵਸਿਆ ਅਥਵਾ ਤਾਂ ਵਸਿਆ ਹੈ ਜਦੋਂ ਮੇਰੇ ਸਿਰ ਉੱਤੇ ਗੁਰੂ ਨੇ ਕਿਰਪਾ ਰੂਪੀ ਹੱਥ ਰਖਣਾ ਕੀਤਾ। ਇਥੇ ਸਤਿਗੁਰੂ ਜੀ ਨੇ ਆਪਣੇ ਪ੍ਰਤੀ ਸ਼ਬਦ ਉਚਾਰ ਕੇ ਸਿੱਖ ਨੂੰ ਉਪਦੇਸ਼ ਕੀਤਾ ਹੈ। ਇਸ ਤੁਕ ਵਿੱਚ ਜਾਂ ਹੋਰ ਬਹੁਤ ਸਾਰੀਆਂ ਥਾਵਾਂ ਤੇ ਨਾਮ ਦੀ ਤੁਲਣਾ ਰਤਨਾਂ ਨਾਲ ਕੀਤੀ ਹੈ ਨਾਮ ਨੂੰ ਰਤਨ ਦਰਸਾਉਣ ਵਾਲੀਆਂ

PDF created with pdfFactory Pro trial version www.pdffactory.com

ਹੋਰ ਵੀ ਅਨੇਕਾਂ ਪੰਗਤੀਆਂ ਗੁਰਬਾਣੀ ਵਿਚ ਮਿਲਦੀਆਂ ਹਨ:

ਯਥਾ— **੧. ਨਾਮ ਰਤਨੁ ਸੁਨਿ ਜਪਿ ਜਪਿ ਜੀਵਾ ਹਰਿ ਨਾਨਕ ਕੰਠ ਮਝਾਰੇ ॥** [ਟੋਡੀ ਮਃ ੫, ਅੰਗ ੭੧੮]

**੨. ਗੁਰ ਕਾ ਸਬਦੁ ਰਤੰਨੁ ਹੈ ਹੀਰੇ ਜਿਤੁ ਜੜਾਉ ॥** [ਰਾਮਕਲੀ ਮਃ ੩, ਅੰਗ ੯੨੦]

**੩. ਨਾਮ ਰਤਨੁ ਜਿਨਿ ਪਾਇਆ ਦਾਨੁ ॥ ਤਿਸੁ ਜਨ ਹੋਏ ਸਗਲ ਨਿਧਾਨ ॥**
[ਰਾਮਕਲੀ ਮਃ ੫, ਅੰਗ ੮੯੧]

**੪. ਐਸਾ ਨਾਮੁ ਰਤਨੁ ਨਿਰਮੋਲਕੁ ਪੁੰਨਿ ਪਦਾਰਥੁ ਪਾਇਆ ॥**
**ਅਨਿਕ ਜਤਨ ਕਰਿ ਹਿਰਦੈ ਰਾਖਿਆ ਰਤਨੁ ਨ ਛਪੈ ਛਪਾਇਆ ॥੧॥**
[ਸੋਰਠਿ ਭੀਖਨ ਜੀ, ਅੰਗ ੬੫੯]

ਰਤਨ ਸ਼ਬਦ ਦੇ ਅਖਰੀ ਅਰਥ ਇਹ ਬਣਦੇ ਹਨ ਕਿ ਰਤ+ਨ=ਰਤ ਨਾਮ ਪ੍ਰੀਤੀ ਦਾ ਹੈ ਨ ਪਦ ਇਨਕਾਰ ਦਾ ਵਾਚਕ ਹੈ ਭਾਵ ਜਿਸ ਵਿਚ ਇਤਨੀ ਖਿੱਚ ਹੋਵੇ ਕਿ ਜਿਸਨੂੰ ਦੇਖ ਕੇ ਕਿਸੇ ਹੋਰ ਵਸਤੂ ਵਿਚ ਪ੍ਰੀਤੀ ਨਾਂ ਰਹੇ। ਸੰਸਾਰਕ ਪੱਖ ਵਿਚ ਰਤਨਾਂ ਦੀਆਂ ਕਿਸਮਾਂ ਨੌਂ ਲਿਖੀਆਂ ਹਨ।

**੧. ਹੀਰੇ। ੨. ਲਾਲ। ੩. ਪੰਨੇ। ੪. ਨੀਲਮ। ੫. ਫਿਰੋਜ। ੬. ਲਸਨ। ੭. ਪੁਖਰਾਜ।**
**੮. ਗੋਮੇਧ। ੯. ਗੁਲੀਆਂ ਨਵ ਰਤਨ ਸਰਾਫ ਕਹੈ ਸਿਰਤਾਜ ॥** [ਲੋਕਿਕ ਪ੍ਰਮਾਣ]

ਅੰਤਰੀਵ ਰਤਨਾਂ ਵਿਚ, ਨਾਮ ਵੀ ਰਤਨ ਹੈ, ਗਿਆਨ ਵੀ ਰਤਨ ਹੈ, ਮਨੁੱਖਾਂ ਸਰੀਰ ਵੀ ਰਤਨ, ਗੁਰੂ ਦੀ ਉਪਦੇਸ਼ ਰੂਪ ਬਾਣੀ ਵੀ ਰਤਨ ਹੈ, ਪ੍ਰੇਮ ਵੀ ਰਤਨ ਹੈ, ਵੈਰਾਗ ਵੀ ਰਤਨ ਹੈ। ਸਿੱਖੀ ਦੀ ਦਾਤ ਵੀ ਰਤਨ ਹੈ, ਬ੍ਰਹਮ ਵਿਦਿਆ ਵੀ ਰਤਨ ਹੈ, ਅੰਮ੍ਰਿਤ ਵੇਲਾ ਵੀ ਰਤਨ ਹੈ। ਜਿਨ੍ਹਾਂ ਕੋਲ ਐਸੇ ਰਤਨ ਹਨ ਅਥਵਾ ਨਾਮ ਰੂਪੀ ਰਤਨ ਹੈ ਉਹ ਸੰਸਾਰ ਦੇ ਚੱਕ੍ਰਵਰਤੀ ਬਾਦਸ਼ਾਹ ਤੋਂ ਵੀ ਵੱਡੇ ਬਾਦਸ਼ਾਹ ਹਨ। ਜਿਨ੍ਹਾਂ ਦੇ ਹਿਰਦੇ ਵਿਚ ਨਾਮ ਰੂਪੀ ਰਤਨ ਵਸਿਆ ਹੈ ਉਨ੍ਹਾਂ ਦੀਆਂ ਬਿਅੰਤ ਉਦਾਹਰਣਾਂ ਗ੍ਰੰਥਾਂ ਵਿਚੋਂ ਮਿਲਦੀਆਂ ਹਨ। ਜੈਸਾ ਕਿ ਇਕ ਬਿਰਕਤ ਮਹਾਂਪੁਰਸ਼ ਜੋ ਘਰ ਬਾਰ ਛੱਡ ਕੇ ਇਕ ਪੂਰਨ ਮਹਾਂਪੁਰਸ਼ ਦੀ ਚਰਨ-ਸ਼ਰਨ ਵਿਚ ਰਹੇ ਜਿਨ੍ਹਾਂ ਦੀ ਕਿਰਪਾ ਨਾਲ ਪ੍ਰਮੇਸ਼ਰ ਦਾ ਨਾਮ ਰੂਪੀ ਰਤਨ ਹਿਰਦੇ ਵਿਚ ਵਸ ਗਿਆ, ਉਸ ਨਾਮ ਦੀ ਮਸਤੀ ਵਿਚ ਵਾਸ਼ਨਾਂ ਤੋਂ ਉੱਪਰ ਉੱਠ ਕੇ ਭਰਮਣ ਕਰਦੇ ਫਿਰਦੇ ਹਨ। ਉਤੋਂ ਰੁੱਤ ਸਿਆਲ ਦੀ ਆ ਗਈ। ਰਾਤ ਦਾ ਸਮਾਂ ਸੀ ਮਹਾਂਪੁਰਸ਼ ਇਕ ਨਗਰ ਵਿਚ ਪ੍ਰਵੇਸ਼ ਹੋਏ। ਤਾਂ ਇਕ ਭਠਿਹਾਰਣ ਜੋ ਦਾਣੇ ਭੁੰਨ ਰਹੀ ਸੀ ਉਸ ਦੀ ਭੱਠੀ ਤੇ ਅੱਗ ਸੇਕਣ ਲਈ ਬਹਿ ਗਏ ਨਾਲ ਹੀ ਮਹਾਰਾਜੇ ਦਾ ਮਹਲ ਸੀ ਜੋ ਸਭ ਕੁਝ ਵੇਖਦਾ ਰਿਹਾ। ਮਹਾਤਮਾ ਸਬਰ ਸੰਤੋਖ ਵਾਲੇ ਸਨ। ਭਠਿਹਾਰਣ ਨੇ ਦਰਵੇਸ਼ ਮਹਾਤਮਾ ਜਾਣ ਕੇ ਦੋ ਬੁੱਕ ਦਾਣਿਆਂ ਦੇ ਦਿੱਤੇ ਜਿਨ੍ਹਾਂ ਮਹਾਂਪੁਰਸ਼ਾਂ ਨੇ ਚੱਬ ਕੇ ਰੱਬ ਦਾ ਸ਼ੁਕਰ ਕੀਤਾ ਤੇ ਸਰਦੀ ਤੋਂ ਬਚਣ ਲਈ ਅੱਗ ਸੇਕਦੇ ਰਹੇ ਤੇ ਜਦੋਂ ਨੀਂਦ ਆਈ ਤਾਂ ਭੱਠ ਦੇ ਕੋਲ ਹੀ ਭੁੰਜੇ ਮਿੱਟੀ ਘੱਟੇ ਵਿਚ ਲੇਟ ਗਏ ਤੇ ਅੰਮ੍ਰਿਤ ਵੇਲੇ ਫਿਰ ਜਾਗ ਕੇ ਪ੍ਰਭੂ ਦੀ ਬੰਦਗੀ ਵਿਚ ਜੁੜ ਗਏ। ਰਾਜੇ ਨੇ ਸਵੇਰੇ ਮਹਾਤਮਾ ਕੋਲ ਆਪਣਾ ਨੌਕਰ ਭੇਜਿਆ ਕਿ ਜਾ ਕੇ ਮਹਾਤਮਾ ਨੂੰ ਬੁਲਾ ਲਿਆ। ਨੌਕਰ ਨੇ ਆ ਕੇ ਕਿਹਾ ਕਿ ਤੁਹਾਨੂੰ ਮਹਾਰਾਜ ਯਾਦ ਕਰਦੇ ਹਨ, ਪਰ ਵੇਪਰਵਾਹ ਮਹਾਂਪੁਰਸ਼ ਕਹਿਣ ਲੱਗੇ ਮੈਨੂੰ ਕੋਈ ਲੋੜ ਨਹੀਂ ਕਿ ਮੈਂ ਬਾਦਸ਼ਾਹ ਕੋਲ ਜਾਵਾਂ ਬਾਦਸ਼ਾਹ ਤੱਕ ਮੇਰਾ ਕੋਈ ਕਾਰਜ ਨਹੀਂ। ਨੌਕਰ ਵਾਪਸ ਗਿਆ ਤੇ ਕਹਿਣ ਲੱਗਾ ਕਿ ਮਹਾਤਮਾ ਨੇ ਆਉਣ ਤੋਂ ਇਨਕਾਰ ਕਰ ਦਿੱਤਾ ਹੈ। ਪਰ ਬਾਦਸ਼ਾਹ ਦੇ ਮਨ ਵਿਚ ਸੀ ਕਿ ਮੇਰੇ ਕੋਲ ਇਤਨੇ ਸੁਖਾਂ ਦੇ ਸਾਧਨ ਹਨ ਫੁਲਾਂ ਦੀਆਂ ਸੇਜਾਂ ਤੇ ਮੈਂ ਪੈਂਦਾ ਹਾਂ ਪਰ ਫਿਰ ਵੀ ਮੈਨੂੰ ਨੀਂਦ ਬੜੀ ਔਖੀ ਆਉਂਦੀ ਹੈ ਪਰ ਇਹ ਸਾਧੂ ਮਿੱਟੀ ਘੱਟੇ ਵਿਚ ਹੀ ਸੁੱਤਾ ਰਿਹਾ ਹੈ। ਇਸ ਸ਼ੰਕੇ ਦੀ ਨਵਿਰਤੀ ਲਈ ਬਾਦਸ਼ਾਹ ਚੱਲ ਕੇ ਆਪ ਮਹਾਂਪੁਰਸ਼ਾਂ ਕੋਲ ਗਿਆ। ਮਹਾਂਪੁਰਸ਼ਾਂ ਕੋਲ ਜਾ ਕੇ ਕਹਿਣ ਲੱਗਾ ਕਿ ਹੇ ਮਹਾਤਮਾ! ਸੁਣਾਓ ਰਾਤ ਕਿਵੇਂ ਗੁਜਰੀ? ਮਹਾਤਮਾ ਕਹਿਣ ਲੱਗੇ ਹੇ ਬਾਦਸ਼ਾਹ! ਮੇਰੀ ਰਾਤ ਕੁਝ ਤੇਰੇ ਵਰਗੀ ਤੇ ਕੁਝ ਤੇਰੇ ਤੋਂ ਚੰਗੀ। ਬਾਦਸ਼ਾਹ ਹੈਰਾਨ ਹੋਇਆ ਕਿ ਇਸ ਦੀ

PDF created with pdfFactory Pro trial version www.pdffactory.com

ਰਾਤ ਮੇਰੇ ਵਰਗੀ ਵੀ ਨਹੀਂ ਗੁਜਰੀ! ਮੈਂ ਸੁੰਦਰ ਤੇ ਕੋਮਲ ਸੇਜਾ ਤੇ ਸੁੱਤਾ ਹਾਂ ਤੇ ਇਹ ਮਿੱਟੀ ਘੱਟੇ ਵਿਚ, ਫਿਰ ਕੁਝ ਰਾਤ ਮੇਰੇ ਨਾਲੋਂ ਚੰਗੀ ਕਿਵੇਂ ਬਤੀਤ ਹੋਈ। ਬਾਦਸ਼ਾਹ ਕਹਿਣ ਲੱਗਾ ਕਿ ਮਹਾਤਮਾ ਜੀ! ਮੇਰੀ ਵਰਗੀ ਤੇ ਮੇਰੇ ਨਾਲੋਂ ਚੰਗੀ ਰਾਤ ਕਿਵੇਂ ਬਤੀਤ ਹੋਈ, ਇਸ ਦਾ ਨਿਰਣਾ ਕਰਕੇ ਦੱਸੋ। ਮਹਾਤਮਾ ਕਹਿਣ ਲੱਗੇ ਜਿਥੇ ਸੌਣ ਦੀ ਗੱਲ ਹੈ ਉਥੇ ਆਪਣੇ ਵਿਚ ਸਮਾਨਤਾ ਹੈ। ਨੀਂਦ ਆਉਣ ਤੋਂ ਬਾਅਦ ਬੰਦੇ ਨੂੰ ਕੁਝ ਪਤਾ ਨਹੀਂ ਹੁੰਦਾ ਕਿ ਮੈਂ ਫੁੱਲਾਂ ਦੀ ਸੇਜ ਤੇ ਪਿਆ ਹਾਂ ਜਾਂ ਮਿੱਟੀ ਘੱਟੇ ਵਿਚ। ਇਸ ਕਰਕੇ ਜੋ ਮੈਂ ਸੌਂ ਕੇ ਰਾਤ ਗੁਜ਼ਾਰੀ ਹੈ ਉਹ ਤਾਂ ਤੇਰੇ ਵਰਗੀ ਹੈ। ਪਰ ਜੋ ਮੇਰਾ ਸਮਾਂ ਰਾਤ ਨੂੰ ਜਾਗਦੇ ਦਾ ਲੰਘਿਆ ਹੈ ਉਤਨੀ ਰਾਤ ਤੇਰੇ ਨਾਲੋਂ ਵਧੀਆ ਗੁਜ਼ਰੀ ਹੈ। ਬਾਦਸ਼ਾਹ ਕਹਿਣ ਲੱਗਾ ਉਹ ਕਿਵੇਂ ? ਤਾਂ ਮਹਾਤਮਾ ਨੇ ਉੱਤਰ ਦਿੱਤਾ ਕਿ ਹੇ ਬਾਦਸ਼ਾਹ! ਤੂੰ ਜਿਤਨਾ ਚਿਰ ਸੌਣ ਤੋਂ ਪਹਿਲਾਂ ਜਾਗਿਆ ਹੈਂ ਉਤਨਾਂ ਸਮਾਂ ਵਿਕਾਰਾਂ ਵਿਚ ਗਲਤਾਨ ਰਿਹਾ ਹੈਂ ਤੇ ਮੈਂ ਜਿਤਨਾਂ ਸਮਾਂ ਜਾਗਿਆ ਹਾਂ ਉਤਨਾਂ ਚਿਰ ਜਿਸ ਪ੍ਰਭੂ ਦਾ ਨਾਮ ਮੇਰੇ ਹਿਰਦੇ ਵਿਚ ਵਸਿਆ ਹੈ ਉਸ ਪ੍ਰਭੂ ਦੀ ਯਾਦ ਵਿਚ ਬਤੀਤ ਕੀਤਾ ਹੈ ਇਸ ਲਈ ਇਹ ਰਾਤ ਤੇਰੇ ਨਾਲੋਂ ਚੰਗੀ ਬਤੀਤ ਹੋਈ ਹੈ। ਬਾਦਸ਼ਾਹ ਕਹਿਣ ਲੱਗਾ ਕਿ ਨਾਮ ਦਾ ਰਸ ਕਿਤੇ ਵਿਸ਼ਿਆਂ ਦੇ ਰਸ ਨਾਲੋਂ ਵੀ ਵਧੀਕ ਅਨੰਦ ਦੇਣ ਵਾਲਾ ਹੈ ਤਾਂ ਮਹਾਂਪੁਰਸ਼ ਕਹਿਣ ਲੱਗੇ ਕਿ ਵਿਸ਼ਿਆਂ ਦਾ ਰਸ ਤਾਂ ਛਿਣ ਮਾਤਰ ਹੁੰਦਾ ਹੈ ਇਸ ਤੋਂ ਅਨੇਕਾਂ ਰੋਗ ਤਨ ਅਤੇ ਮਨ ਨੂੰ ਲਗਦੇ ਹਨ ਪਰ ਨਾਮ ਦਾ ਰਸ ਤਾਂ ਛਿਣ ਮਾਤਰ ਹੁੰਦਾ ਹੈ ਇਸ ਤੋਂ ਅਨੇਕਾਂ ਰੋਗ ਤਨ ਅਤੇ ਮਨ ਨੂੰ ਲਗਦੇ ਹਨ ਪਰ ਨਾਮ ਦਾ ਰਸ ਸਦੀਵੀ ਰਹਿਣ ਵਾਲਾ ਹੈ ਇਹ ਮਨ ਅਤੇ ਤਨ ਦੋਹਾਂ ਨੂੰ ਅਰੋਗ ਕਰਨ ਵਾਲਾ ਹੈ। ਜਦੋਂ ਮਹਾਂਪੁਰਸ਼ਾਂ ਦਾ ਐਸਾ ਉਪਦੇਸ਼ ਬਾਦਸ਼ਾਹ ਨੇ ਸੁਣਿਆ ਤਾਂ ਉਸਨੂੰ ਨਿਸਚਾ ਹੋ ਗਿਆ ਕਿ ਸੰਸਾਰ ਦੇ ਸਾਰੇ ਪਦਾਰਥ ਅਤੇ ਉਨ੍ਹਾਂ ਦੇ ਅਨੰਦ ਤੁਛ ਮਾਤਰ ਹਨ। ਮਹਾਂਪੁਰਸ਼ਾਂ ਨੂੰ ਬੇਨਤੀ ਕਰਨ ਲੱਗਾ ਕਿ ਆਪ ਕਿਰਪਾ ਕਰੋ ਮੈਨੂੰ ਵੀ ਇਹ ਸਦਾ ਰਹਿਣ ਵਾਲਾ ਅਨੰਦ ਬਖਸ਼ਿਸ਼ ਕਰੋ ਤਾਂ ਮਹਾਂਪੁਰਸ਼ ਕਹਿਣ ਲੱਗੇ ਕਿ ਇਸ ਅਨੰਦ ਦੀ ਪ੍ਰਾਪਤੀ ਉਦੋਂ ਹੋਵੇਗੀ ਜਦੋਂ ਨਾਮ ਹਿਰਦੇ ਵਿਚ ਵਸ ਜਾਵੇਗਾ। ਰਾਜਾ ਕਹਿਣ ਲੱਗਾ ਕਿ ਤੁਹਾਡੇ ਹਿਰਦੇ ਵਿਚ ਨਾਮ ਦਾ ਵਾਸਾ ਕਿਵੇਂ ਹੋਇਆ ਹੈ ਤਾਂ ਮਹਾਂਪੁਰਸ਼ਾਂ ਨੇ ਕਿਹਾ ਮੇਰੇ ਸਿਰ ਉੱਤੇ ਜਦੋਂ ਮੇਰੇ ਗੁਰਦੇਵ ਨੇ ਕਿਰਪਾ ਰੂਪੀ ਹੱਥ ਰਖਿਆ ਤਾਂ ਮੇਰੇ ਹਿਰਦੇ ਵਿਚ ਨਾਮ ਦਾ ਵਾਸਾ ਹੋ ਗਿਆ ਤੇ ਵਿਸ਼ੇ ਵਿਕਾਰ ਸਾਰੇ ਦੂਰ ਹੋ ਗਏ, ਵਿਸ਼ੇ ਵਿਕਾਰਾਂ ਦਾ ਨਾਸ਼ ਉਦੋਂ ਹੁੰਦਾ ਹੈ ਜਦੋਂ ਹਿਰਦੇ ਵਿਚ ਨਾਮ ਦਾ ਵਾਸਾ ਹੋ ਜਾਵੇ, ਇਸ ਤੋਂ ਬਿਨਾਂ ਹੋਰ ਕੋਈ ਸ਼ਕਤੀ ਨਹੀਂ ਜੋ ਵਿਸ਼ੇ ਵਿਕਾਰਾਂ ਦਾ ਹਿਰਦੇ ਵਿਚੋਂ ਖਾਤਮਾ ਕਰੇ ਤੇ ਨਾਮ ਦਾ ਵਾਸਾ ਗੁਰੂ ਦੀ ਕਿਰਪਾ ਬਿਨਾਂ ਸੰਭਵ ਨਹੀਂ। ਫਿਰ ਬਾਦਸ਼ਾਹ ਮਹਾਂਪੁਰਸ਼ਾਂ ਦੇ ਚਰਨੀਂ ਪਿਆ ਤੇ ਨਾਮ ਦੀ ਦਾਤ ਬਖਸ਼ਣ ਦੀ ਬੇਨਤੀ ਕੀਤੀ ਤਾਂ ਮਹਾਂਪੁਰਸ਼ਾਂ ਨੇ ਉਸ ਤੇ ਕਿਰਪਾ ਕਰਕੇ ਨਾਮ ਦੀ ਦਾਤ ਬਖਸ਼ੀ ਤੇ ਬਾਦਸ਼ਾਹ ਨੂੰ ਕਿਰਤਾਰਥ ਕੀਤਾ। ਇਥੇ ਸਤਿਗੁਰੂ ਜੀ ਨਾਮ ਨੂੰ ਰਤਨਾਂ ਦੀ ਨਿਆਈਂ ਅਮੋਲਕ ਕਥਨ ਕਰ ਕੇ ਦੱਸ ਰਹੇ ਹਨ ਕਿ ਜਦੋਂ ਗੁਰੂ ਅਮਰਦਾਸ ਜੀ ਨੇ ਮੇਰੇ ਸਿਰ ਤੇ ਕਿਰਪਾ ਰੂਪੀ ਹੱਥ ਰੱਖਿਆ ਤਾਂ ਮੇਰੇ ਹਿਰਦੇ ਵਿਚ ਪ੍ਰਭੂ ਦੇ ਨਾਮ ਦਾ ਵਾਸਾ ਹੋ ਗਿਆ।

## ਜਨਮ ਜਨਮ ਕੇ ਕਿਲਬਿਖ ਦੁਖ ਉਤਰੇ ਗੁਰਿ ਨਾਮੁ ਦੀਓ ਰਿਨੁ ਲਾਥਾ ॥੧॥

ਜਦੋਂ ਸਤਿਗੁਰਾਂ ਨੇ ਕਿਰਪਾ ਕਰਕੇ ਨਾਮ ਦੇਣਾ ਕੀਤਾ ਤਾਂ ਜਨਮਾਂ ਜਨਮਾਂਤਰਾਂ ਦੇ ਕਿਲ=ਨਿਸਚੇ ਕਰਕੇ ਬਿਖ=ਵਿਹੁ ਬੱਜਰ ਪਾਪ ਅਤੇ ਦੁੱਖ ਦੂਰ ਹੋ ਗਏ ਹਨ ਤੇ ਨਾਮ ਦੀ ਸ਼ਕਤੀ ਨਾਲ ਸਾਰਾ ਦੇਵ ਰਿਣ, ਪਿਤਰੀ ਰਿਣ, ਰਿਖੀ ਰਿਣ ਲਹਿ ਗਿਆ ਹੈ।

## ਮੇਰੇ ਮਨ ਭਜੁ ਰਾਮ ਨਾਮੁ ਸਭਿ ਅਰਥਾ ॥

ਹੇ ਮੇਰੇ ਮਨ! ਲੋਕ ਪ੍ਰਲੋਕ ਦੇ ਸਭਿ=ਸਾਰੇ ਅਰਥਾ=ਮਨੋਰਥਾਂ ਨੂੰ ਪੂਰਿਆਂ ਕਰਨ ਲਈ ਰਾਮ=ਰਮੇ ਪ੍ਰਮੇਸ਼ਰ ਦੇ ਨਾਮ ਨੂੰ ਭਜਣਾ ਕਰ।

PDF created with pdfFactory Pro trial version www.pdffactory.com

### ਗੁਰਿ ਪੂਰੈ ਹਰਿ ਨਾਮੁ ਦ੍ਰਿੜਾਇਆ ਬਿਨੁ ਨਾਵੈ ਜੀਵਨੁ ਬਿਰਥਾ ॥ਰਹਾਉ॥

ਬ੍ਰਹਮ ਗਿਆਨ ਵਿਚ ਪੂਰੇ ਗੁਰਾਂ ਨੇ ਮੈਨੂੰ ਹਰਿ=ਵਾਹਿਗੁਰੂ ਨਾਮ ਹਿਰਦੇ ਵਿਚ ਦ੍ਰਿੜਾਇਆ=ਪੱਕਾ ਕਰਾ ਦਿੱਤਾ ਹੈ ਜਿਸ ਨਾਮ ਤੋਂ ਬਿਨਾਂ ਜੀਵਨ ਬਿਅਰਥ ਅਰਥ ਹੀਣ ਹੈ। ਭਾਵ ਜੀਵਨ ਦਾ ਕੋਈ ਅਰਥ ਬਾਕੀ ਨਹੀਂ ਰਹਿੰਦਾ।

### ਬਿਨੁ ਗੁਰ ਮੂੜ ਭਏ ਹੈ ਮਨਮੁਖ ਤੇ ਮੋਹ ਮਾਇਆ ਨਿਤ ਫਾਥਾ ॥

ਗੁਰ ਸਿਖਿਆ ਤੋਂ ਰਹਿਤ ਮਨਮੁਖ=ਮੂਰਖ ਹੋ ਰਹੇ ਹਨ। ਇਹਨਾਂ ਮੂਰਖਾਂ ਦਾ ਸਮੁਦਾਯ ਮਾਇਆ ਦੇ ਮੋਹ ਰੂਪੀ ਚਿਕੜ ਵਿਚ ਫਸ ਰਿਹਾ ਹੈ।

### ਤਿਨ ਸਾਧੂ ਚਰਣ ਨ ਸੇਵੇ ਕਬਹੂ ਤਿਨ ਸਭੁ ਜਨਮ ਅਕਾਥਾ ॥੨॥

ਐਸੇ ਮੂਰਖ ਮਨਮੁਖਾਂ ਨੇ ਸਤਿਗੁਰੂ ਰੂਪ ਸਾਧੂ ਦੇ ਚਰਣਾਂ ਨੂੰ ਕਦੇ ਵੀ ਸੇਵਣਾ ਨਹੀਂ ਕੀਤਾ ਜਿਸ ਕਰਕੇ ਇਨ੍ਹਾਂ ਦਾ ਸਾਰਾ ਜਨਮ ਅਕਾਥਾ=ਬਿਅਰਥ ਚਲਾ ਗਿਆ ਹੈ।

### ਜਿਨ ਸਾਧੂ ਚਰਣ ਸਾਧ ਪਗ ਸੇਵੇ ਤਿਨ ਸਫਲਿਓ ਜਨਮੁ ਸਨਾਥਾ ॥

ਜਿਨ੍ਹਾਂ ਨੇ ਸਾਧੂ=ਸ਼ਾਂਤ ਆਤਮਾ ਸਤਪੁਰਸ਼ਾਂ ਵਾ-ਸਤਿਗੁਰੂ ਦੇ ਚਰਨ ਪਰਸੇ ਹਨ ਤੇ ਸਾਧੂ=ਸਤਪੁਰਸ਼ਾਂ ਦੇ ਚਰਨਾਂ ਨੂੰ ਸੇਵਣਾ ਕੀਤਾ ਹੈ ਭਾਵ ਪਾਦ ਪਖਾਰਨ ਆਦਿ ਸੇਵਾ ਕੀਤੀ ਹੈ ਉਹ ਸਨਾਥਾ=ਸ+ਨਾਥਾ=ਸਹਿਤ ਸੁਆਮੀ ਦੇ ਹੋਏ ਹਨ ਜਿਸ ਕਰਕੇ ਉਨ੍ਹਾਂ ਦਾ ਜਨਮ ਸਫਲਾ ਹੋਇਆ ਹੈ। ਵਾ ਜਿਨ੍ਹਾਂ ਨੇ ਸੰਤਾਂ ਦੇ ਚਰਣ=ਕਰਤਬ ਨੂੰ ਸੇਵੇ=ਧਾਰਿਆ ਹੈ ਅਤੇ ਸੰਤਾਂ ਦੇ ਚਰਨਾਂ ਨੂੰ ਸੇਵਿਆ ਹੈ ਉਹਨਾਂ ਦਾ ਜਨਮ ਸਫਲਾ ਹੋਇਆ ਹੈ ਤੇ ਉਹ ਸਨਾਥਾ=ਸੁਆਮੀ ਦੇ ਮਿਲਾਪ ਦੇ ਸਹਿਤ ਹੋਏ ਹਨ।

### ਮੋ ਕਉ ਕੀਜੈ ਦਾਸੁ ਦਾਸ ਦਾਸਨ ਕੋ ਹਰਿ ਦਇਆ ਧਾਰਿ ਜਗੰਨਾਥਾ ॥੩॥

ਹੇ ਜਗੰ=ਸੰਸਾਰ ਦੇ ਨਾਥਾ=ਸੁਆਮੀ ਵਾਹਿਗੁਰੂ ! ਮੇਰੇ ਤੇ ਦਇਆ=ਤਰਸ ਰਹਿਮ ਕਰਕੇ ਮੈਂ ਦਾਸ ਨੂੰ ਦਾਸਾਂ ਦਾ ਦਾਸ ਕਰ ਦੇਵੋ ਜੀ।

### ਹਮ ਅੰਧੁਲੇ ਗਿਆਨਹੀਨ ਅਗਿਆਨੀ ਕਿਉ ਚਾਲਹ ਮਾਰਗਿ ਪੰਥਾ ॥

ਹਮ=ਤਮਾਮ ਜੀਵ ਵਾ-ਅਸੀਂ ਸਰੂਪ ਗਿਆਨ ਤੋਂ ਹੀਣ ਹੋਣ ਕਰਕੇ ਅਗਿਆਨੀ ਤੇ ਵੈਰਾਗ ਬਿਬੇਕ ਦੇ ਨੇਤਰਾਂ ਤੋਂ ਹੀਣ ਹੋਣ ਕਰਕੇ ਅੰਧੇ ਹਾਂ। ਆਪ ਜੀ ਦੀ ਕਿਰਪਾ ਤੋਂ ਬਿਨਾਂ ਗੁਰਸਿੱਖੀ ਦੇ ਮਾਰਗ ਤੇ ਕਿਵੇਂ ਤੁਰ ਸਕਦੇ ਹਾਂ।

### ਹਮ ਅੰਧੁਲੇ ਕਉ ਗੁਰ ਅੰਚਲੁ ਦੀਜੈ ਜਨ ਨਾਨਕ ਚਲਹਿ ਮਿਲੰਥਾ ॥੪॥੧॥

ਸਤਿਗੁਰੂ ਜੀ ਜਗਿਆਸੂ ਮੁਖ ਦੁਆਰਾ ਫੁਰਮਾਨ ਕਰਦੇ ਹਨ ਕਿ ਹਮ=ਮੈਂ ਅੰਧਲੇ=ਅਗਿਆਨੀ ਪੁਰਸ਼ ਨੂੰ ਗੁਰ ਉਪਦੇਸ਼ ਰੂਪੀ ਅੰਚਲ=ਪੱਲਾ ਫੜਾ ਦਿਓ ਜਿਨ੍ਹਾਂ ਗੁਰਾਂ ਨਾਲ ਮਿਲਕੇ ਮੈਂ ਆਪ ਜੀ ਦੇ ਮਿਲਾਪ ਦੇ ਰਸਤੇ ਚਲਣਾ ਕਰਾਂ, ਅਥਵਾ ਜਿਨ੍ਹਾਂ ਦੇ ਆਸਰੇ ਚਲ ਕੇ ਮੈਂ ਆਪ ਜੀ ਨੂੰ ਮਿਲੰਥਾ=ਮਿਲ ਜਾਵਾਂ।

ਵਾਹਿਗੁਰੂ ਜੀ ਕਾ ਖ਼ਾਲਸਾ॥ ਵਾਹਿਗੁਰੂ ਜੀ ਕੀ ਫ਼ਤਹ॥

PDF created with pdfFactory Pro trial version www.pdffactory.com

ਮੁਖਵਾਕ ਨੰਬਰ ੧੦੬ [ਆਦਿ ਅੰਗ ੬੯੭]

***ਜੈਤਸਰੀ ਮਹਲਾ ੪ ॥ ਜਿਨ ਹਰਿ ਹਿਰਦੈ ਨਾਮੁ ਨ ਬਸਿਓ ਤਿਨ ਮਾਤ ਕੀਜੈ ਹਰਿ ਬਾਂਝਾ ॥ ਤਿਨ ਸੁੰਞੀ ਦੇਹ ਫਿਰਹਿ ਬਿਨੁ ਨਾਵੈ ਓਇ ਖਪਿ ਖਪਿ ਮੁਏ ਕਰਾਂਝਾ ॥੧॥ ਮੇਰੇ ਮਨ ਜਪਿ ਰਾਮ ਨਾਮੁ ਹਰਿ ਮਾਝਾ ॥ ਹਰਿ ਹਰਿ ਕ੍ਰਿਪਾਲਿ ਕ੍ਰਿਪਾ ਪ੍ਰਭਿ ਧਾਰੀ ਗੁਰਿ ਗਿਆਨੁ ਦੀਓ ਮਨੁ ਸਮਝਾ ॥ ਰਹਾਉ ॥ ਹਰਿ ਕੀਰਤਿ ਕਲਜੁਗਿ ਪਦੁ ਊਤਮੁ ਹਰਿ ਪਾਈਐ ਸਤਿਗੁਰ ਮਾਝਾ ॥ ਹਉ ਬਲਿਹਾਰੀ ਸਤਿਗੁਰ ਅਪੁਨੇ ਜਿਨਿ ਗੁਪਤੁ ਨਾਮੁ ਪਰਗਾਝਾ ॥੨॥ ਦਰਸਨੁ ਸਾਧ ਮਿਲਿਓ ਵਡਭਾਗੀ ਸਭਿ ਕਿਲਬਿਖ ਗਏ ਗਵਾਝਾ ॥ ਸਤਿਗੁਰੁ ਸਾਹੁ ਪਾਇਆ ਵਡ ਦਾਣਾ ਹਰਿ ਕੀਏ ਬਹੁ ਗੁਣ ਸਾਝਾ ॥੩॥ ਜਿਨ ਕਉ ਕ੍ਰਿਪਾ ਕਰੀ ਜਗਜੀਵਨਿ ਹਰਿ ਉਰਿ ਧਾਰਿਓ ਮਨ ਮਾਝਾ ॥ ਧਰਮ ਰਾਇ ਦਰਿ ਕਾਗਦ ਫਾਰੇ ਜਨ ਨਾਨਕ ਲੇਖਾ ਸਮਝਾ ॥੪॥੫॥***

## ***ਜੈਤਸਰੀ ਮਹਲਾ ੪ ॥***

ਇਹ ਅੰਮ੍ਰਿਤ ਬਚਨ ਸ੍ਰੀ ਗੁਰੂ ਰਾਮਦਾਸ ਜੀ ਮਹਾਰਾਜ ਦਾ ਉਚਾਰਨ ਕੀਤਾ ਹੋਇਆ ਜੈਤਸਰੀ ਰਾਗਣੀ ਵਿਚ ਅੰਕਿਤ ਕੀਤਾ ਹੋਇਆ ਹੈ। ਨਾਮ ਹੀਣ ਪੁਰਸ਼ ਦੀ ਆਪਣੀ ਦੁਰਦਸ਼ਾ ਦੀ ਗੱਲ ਤਾਂ ਇਕ ਪਾਸੇ ਰਹੀ ਉਸ ਦੀ ਕੁਲ ਦੀ, ਖਾਨਦਾਨ ਦੀ ਪਿਤਾ-ਪਿਤਾਮਾ ਦੀ ਸਭ ਦੀ ਦੁਰਦਸ਼ਾ ਹੈ ਸੰਸਾਰ ਵਿਚ, ਪਰ ਵਿਸ਼ੇਸ਼ ਕਰਕੇ ਮਾਤਾ ਨੂੰ ਤਾੜਨਾ ਕਰਨ ਦੇ ਬਚਨ ਜਿਥੇ ਹੋਰ ਅਨੇਕਾਂ ਗ੍ਰੰਥਾਂ ਵਿਚ ਕੀਤੇ ਇਥੇ ਸਤਿਗੁਰੂ ਜੀ ਵੀ ਐਸੇ ਨਾਮ ਤੋਂ ਹੀਣਿਆਂ ਦੀ ਮਾਤਾ ਪ੍ਰਤੀ ਇਹ ਬਚਨ ਕਹਿੰਦੇ ਹਨ :

## ***ਜਿਨ ਹਰਿ ਹਿਰਦੈ ਨਾਮੁ ਨ ਬਸਿਓ ਤਿਨ ਮਾਤ ਕੀਜੈ ਹਰਿ ਬਾਂਝਾ ॥***

ਜਿਨ੍ਹਾਂ ਪੁਰਸ਼ਾਂ ਦੇ ਹਿਰਦੇ ਵਿਚ ਹਰੀ ਪ੍ਰਮੇਸ਼ਰ ਵਾਹਿਗੁਰੂ ਦਾ ਨਾਮ ਨ ਬਸਿਓ=ਟਿਕਿਆ-ਵਸਿਆ ਨਹੀਂ ਉਨ੍ਹਾਂ ਦੀ ਮਾਤ=ਜਨਨੀ ਨੂੰ ਹੇ ਹਰਿ=ਵਾਹਿਗੁਰੂ ਜੇ ਬਾਂਝਾ=ਸੰਤਾਨ ਤੋਂ ਹੀਣ ਕਰ ਦਿੰਦਾ ਤਾਂ ਚੰਗਾ ਸੀ। ਇਥੇ ਸਤਿਗੁਰੂ ਜੀ ਇਹ ਦਰਸਾ ਰਹੇ ਹਨ ਕਿ ਨਾਸਤਕ ਪੁਰਸ਼, ਪਾਪਤਮਾ, ਨਾ ਵਿਰੋਧੀ, ਸਮਾਜਕ ਬੁਰਿਆਈਆਂ ਪੈਦਾ ਕਰਨ ਵਾਲੇ ਨਲਾਇਕ ਪੁੱਤਰ ਨਾਲੋਂ ਔਰਤ ਦਾ ਬਾਂਝ ਰਹਿਣਾ ਹੀ ਸੰਸਾਰ ਦੇ ਭਲੇ ਵਿਚ ਹੈ। ਅਥਵਾ ਵਿਧਵਾ ਹੋ ਜਾਣਾ ਸੰਸਾਰ ਦੇ ਭਲੇ ਵਿਚ ਹੈ ਭਗਤ ਕਬੀਰ ਜੀ ਨੇ ਖੋਟੀ ਸੰਤਾਨ ਉਤਪਤ ਕਰਨ ਵਾਲੀ ਮਾਤਾ ਨੂੰ ਜਿਸ ਦੀ ਸੰਤਾਨ ਗਿਆਨ ਹੀਣ ਤੇ ਨਾਮ ਹੀਣ ਹੈ, ਐਸਾ ਕਿਹਾ ਹੈ :

ਯਥਾ— **ਜਿਹ ਕੁਲਿ ਪੂਤੁ ਨ ਗਿਆਨ ਬੀਚਾਰੀ ॥ ਬਿਧਵਾ ਕਸ ਨ ਭਈ ਮਹਤਾਰੀ ॥੧॥**

[ਗਉੜੀ ਕਬੀਰ ਜੀ, ਅੰਗ ੩੨੮]

ਇਸ ਤੋਂ ਅਗਲੀ ਤੁਕ ਵਿਚ ਕਬੀਰ ਸਾਹਿਬ ਜੀ ਜਨਮ ਲੈਣ ਵਾਲੇ ਨਾਮ ਹੀਣ ਪੁਰਸ਼ ਨੂੰ ਇਹ ਕਹਿ ਕੇ ਧਿਰਕਾਰਦੇ ਹਨ ਕਿ ਜੇ ਤੂੰ ਪ੍ਰਭੂ ਭਗਤੀ ਦੀ ਸਾਧਨਾ ਨਹੀਂ ਸੀ ਕਰਨੀ ਤਾਂ ਤੂੰ ਜੰਮਦਾ ਹੀ ਕਿਉਂ ਨਾ ਮਰ ਗਿਆ। ਜੇ ਮਾਤਾ ਨੇ ਜਨਮ ਦੇਣ ਦੀ ਗਲਤੀ ਕਰ ਹੀ ਦਿੱਤੀ ਸੀ ਤਾਂ ਤੈਨੂੰ ਜਿਊਂਦਾ ਨਹੀਂ ਸੀ ਰਹਿਣਾ ਚਾਹੀਦਾ ਤਾਂ ਜੋ ਸੰਸਾਰ ਵਿਚ ਬੁਰਿਆਈ ਨਾ ਫੈਲਦੀ।

ਯਥਾ— **ਜਿਹ ਨਰ ਰਾਮ ਭਗਤਿ ਨਹਿ ਸਾਧੀ ॥ ਜਨਮਤ ਕਸ ਨ ਮੁਓ ਅਪਰਾਧੀ ॥**

[ਗਉੜੀ ਕਬੀਰ ਜੀ, ਅੰਗ ੩੨੮]

ਇਥੇ ਕਬੀਰ ਸਹਿਬ ਦੀ ਵਿਚਾਰ ਮੁਤਾਬਕ ਜਿਥੇ ਮਾਤਾ ਅਤੇ ਪੁੱਤਰ ਨੂੰ ਉਲਾਂਭਾ ਦਿੱਤਾ ਹੈ। ਉਥੇ ਕਬੀਰ ਸਾਹਿਬ ਦੀ ਇਸ ਸੋਚ ਨੂੰ ਸਮਝਣਾ ਚਾਹੀਦਾ ਹੈ ਕਿ ਕਬੀਰ ਸਾਹਿਬ ਚਾਹੁੰਦੇ ਹਨ ਕਿ ਸੰਸਾਰ ਵਿਚ ਪੈਦਾ ਹੋਣ

PDF created with pdfFactory Pro trial version www.pdffactory.com

ਵਾਲਾ ਹਰ ਮਨੁੱਖ ਉਸ ਪ੍ਰਭੂ ਦੀ ਭਗਤੀ ਕਰਨ ਵਾਲਾ ਹੋਵੇ। ਇਹ ਭਾਵਨਾ ਸਾਡੇ ਦੇਸ਼ ਦੇ ਰਿਸ਼ੀ-ਮੁਨੀਆਂ, ਅਵਤਾਰਾਂ, ਕਈ ਜਨਾਂ ਦੀਆਂ ਰਚਨਾਵਾਂ ਤੋਂ ਵਖਰੇ-ਵਖਰੇ ਗ੍ਰੰਥਾਂ ਵਿਚ ਪ੍ਰਗਟ ਹੁੰਦੀ ਹੈ। ਜੈਸਾ ਕਿ:

**ਜਨਨੀ ਜਨੈ ਤ ਭਗਤ ਜਨ ਕੈ ਦਾਤਾ ਕੈ ਸੂਰ॥**
**ਨਹੀਂ ਤਾਂ ਜਨਨੀ ਬਾਂਝ ਰਹੈ ਕਾਹਿ ਗਵਾਵਹਿ ਨੂਰ॥** [ਸੂਰਦਾਸ ਜੀ ਸਮੁੰਦਰੀ ਗ੍ਰੰਥ]

ਸੂਰਦਾਸ ਜੀ ਇਨ੍ਹਾਂ ਤੁਕਾਂ ਦੇ ਮੁਤਾਬਕ ਤਿੰਨ ਕਿਸਮ ਦੀ ਤਾਸੀਰ ਵਾਲੀ ਸੰਤਾਨ ਨੂੰ ਹੀ ਨੇਕ ਸੰਤਾਨ ਮੰਨਦੇ ਹਨ ਅਤੇ ਜਨਨੀ ਨੂੰ ਇਹ ਹਦਾਇਤ ਕਰਦੇ ਹਨ ਕਿ ਪਹਿਲੇ ਦਰਜੇ ਦੀ ਸੰਤਾਨ ਉਹ ਹੈ ਜੋ ਪ੍ਰਭੂ ਦੀ ਭਗਤੀ ਕਰਕੇ ਭਗਤ ਜਨ ਬਣੇ। ਦੂਸਰੇ ਦਰਜੇ ਦੀ ਸੰਤਾਨ ਜੋ ਦਾਨੀ ਸੁਭਾਅ ਰੱਖਣ ਵਾਲੀ ਹੋਵੇ ਭਾਵ ਦਾਨ ਕਰਨ ਦੇ ਕਾਰਨ ਦਾਨੀ ਕਹਿਲਾਏ। ਤੀਸਰੇ ਦਰਜੇ ਦੀ ਸੰਤਾਨ ਜੋ ਸੂਰਮਤਾਈ ਦੇ ਕਾਰਨ ਸੂਰਮਾ ਕਹਿਲਾਏ ਧਰਮ ਵਾਸਤੇ ਆਪਣੇ ਸਰੀਰ ਦਾ ਬਲੀਦਾਨ ਵੀ ਦੇ ਦੇਵੇ ਇਸੇ ਸਿਧਾਂਤ ਨੂੰ ਪੰਡਿਤ ਗੁਲਾਬ ਸਿੰਘ ਜੀ ਵੀ ਪ੍ਰਗਟ ਕਰਦੇ ਹਨ:

**ਹਰਿ ਨਾਮ ਭਜੋ ਜਗ ਭੀਤਰ ਜੇ, ਜਨਨੀ ਸੁਤ ਯਾ ਬਿਧਿ ਕੋ ਉਪਜਾਏ॥**
**ਅਥਵਾ ਜਨਨੀ ਸੁਤ ਸੋਇ ਜਨੇ, ਰਣ ਭੀਤਰ ਜੋ ਅਰਿ ਕੇ ਦਲ ਘਾਏ॥**
**ਸਿਰ ਲੈ ਧਨ ਦਾਨ ਕਰੈ ਜਗ ਮੈਂ ਸੁਭ ਕੈ ਜਨਨੀ ਸੁਤ ਜੋ ਨਿਪਜਾਏ॥**
**ਇਨ ਤੀਨ ਬਿਨਾ ਕ੍ਰਿਮ ਕੇ ਸੁਤ ਕੇ ਹਿਤ, ਜੋਬਨ ਨਾਂਹਿ ਅਕਾਜ ਗਵਾਏ॥**

[ਭਾਵਰਸਾਮ੍ਰਿਤ ਸ੍ਵੈਯੇ ੧੧੮]

ਭਗਤ ਸੂਰਮਾ ਦਾਨੀ ਤੋਂ ਬਿਨਾਂ ਕੀੜਿਆਂ ਦੇ ਬੱਚਿਆਂ ਦੀ ਤਰ੍ਹਾਂ ਬੇਕਾਰ ਸੰਤਾਨ ਦੱਸੀ ਹੈ। ਇਸ ਦੇ ਪੈਦਾ ਕਰਨ ਦਾ ਕਿਸੇ ਨੂੰ ਕੋਈ ਲਾਭ ਨਹੀਂ ਕੇਵਲ ਆਪਣੀ ਜਵਾਨੀ ਨੂੰ ਹੀ ਗਵਾਉਣਾ ਹੈ। ਵਿਚਾਰ ਕੇ ਦੇਖੀਏ ਤਾਂ ਇਨ੍ਹਾਂ ਤਿੰਨਾਂ ਵਿਚੋਂ ਜੋ ਮਾਣ ਭਗਤ ਪੁੱਤਰ ਨੂੰ ਮਿਲਿਆ ਹੈ ਉਸ ਦੇ ਮੁਕਾਬਲੇ ਦੂਸਰੇ ਦੋਹਾਂ ਨੂੰ ਵੀ ਨਹੀਂ ਮਿਲਿਆ।

ਯਥਾ— **ਪੰਡਿਤ ਸੂਰ ਛਤ੍ਰਪਤਿ ਰਾਜਾ ਭਗਤ ਬਰਾਬਰਿ ਅਉਰੁ ਨ ਕੋਇ॥**

[ਬਿਲਾਵਲ ਰਵਿਦਾਸ ਜੀ, ਅੰਗ ੮੫੮]

ਇਥੇ ਰਵਿਦਾਸ ਜੀ ਇਹ ਦੱਸ ਰਹੇ ਹਨ ਕਿ ਪੰਡਿਤ=ਵਿਦਵਾਨ, ਸੂਰ=ਸੂਰਮਾ, ਛਤ੍ਰਪਤਿ ਰਾਜਾ=ਚਕ੍ਰਵਰਤੀ ਬਾਦਸ਼ਾਹ ਭਗਤੀ ਕਰਨ ਵਾਲੇ ਦੇ ਬਰਾਬਰ ਨਹੀਂ ਹੋ ਸਕਦੇ। ਪਰ ਭਗਤ ਹੋਵੇ ਤਾਂ ਧ੍ਰੂਅ, ਪ੍ਰਹਿਲਾਦ, ਕਬੀਰ, ਰਵਿਦਾਸ, ਨਾਮਦੇਵ, ਆਦਿ ਵਰਗਾ।

ਯਥਾ— **ਰਾਮ ਜਪਉ ਜੀਅ ਐਸੇ ਐਸੇ॥ ਧ੍ਰੂ ਪ੍ਰਹਿਲਾਦ ਜਪਿਓ ਹਰਿ ਜੈਸੇ॥**

[ਗਉੜੀ ਕਬੀਰ ਜੀ, ਅੰਗ ੩੩੭]

ਦਾਨੀ ਹੋਵੇ ਤਾਂ ਰਾਜੇ ਹਰੀ ਚੰਦ, ਕਰਣ, ਰਘੂ ਰਾਜਾ, ਮਹਾਰਾਜਾ ਵਿਕ੍ਰਮ, ਸ਼ਿਵਿ ਰਾਜਾ ਆਦਿ ਵਰਗਾ। ਸੂਰਮਾ ਹੋਵੇ ਤਾਂ ਭੀਸ਼ਮ ਪਿਤਾਮਾ, ਅਰਜਨ, ਕਰਣ, ਸੁਰਾਂਖ ਰਾਜਾ, ਅਥਵਾ-ਬਾਬਾ ਦੀਪ ਸਿੰਘ ਜੀ ਸ਼ਹੀਦ ਵਰਗਾ ਜੋ ਭਗਤ ਵੀ ਸਨ ਤੇ ਸੂਰਮੇ ਵੀ ਸਨ। ਅਗਰ ਐਸਾ ਨਹੀਂ ਤਾਂ ਫਿਰਿ ਮਾਤਾ ਲਈ ਸ਼ਰਮ ਦਾ ਕਾਰਣ ਹੈ ਇਸ ਨਾਲੋਂ ਤਾਂ ਫਿਰ ਬਾਂਝ ਚੰਗੀ ਸੀ, ਵਿਧਵਾ ਚੰਗੀ ਸੀ ਐਸਾ ਪਹਿਲੀ ਤੁਕ ਦਾ ਸਿਧਾਂਤ ਹੈ ਇਹ ਪਹਿਲੀ ਮਾਂ ਹੈ ਦੂਜੀ ਮਾਂ ਜੋ ਭਗਤ, ਸੂਰਮਾਂ ਦਾਨੀ ਪੁੱਤਰ ਪੈਦਾ ਕਰਦੀ ਹੈ ਉਸਨੂੰ ਹੋਰ ਗ੍ਰੰਥਾਂ ਦੇ ਪ੍ਰਮਾਣਾਂ ਤੋਂ ਬਿਨਾਂ ਗੁਰਬਾਣੀ ਵਿਚ ਐਸਾ ਸਤਕਾਰਿਆ ਗਿਆ ਹੈ।

ਯਥਾ— **੧. ਧਨੁ ਜਨਨੀ ਜਿਨਿ ਜਾਇਆ ਧੰਨੁ ਪਿਤਾ ਪਰਧਾਨੁ॥** [ਸਿਰੀਰਾਗੁ ਮਃ ੩, ਅੰਗ ੩੨]

**੨. ਆਪਿ ਲੀਏ ਲੜਿ ਲਾਇ ਦਰਿ ਦਰਵੇਸ ਸੇ॥**
**ਤਿਨ ਧੰਨੁ ਜਣੇਦੀ ਮਾਉ ਆਏ ਸਫਲੁ ਸੇ॥੨॥** [ਆਸਾ ਫਰੀਦ ਜੀ, ਅੰਗ ੪੮੮]

PDF created with pdfFactory Pro trial version www.pdffactory.com

ਜਿਥੇ ਮਾਤਾ ਪਿਤਾ ਨੂੰ ਐਸੇ ਪੁੱਤਰ ਧੰਨਤਾ ਯੋਗ ਬਣਾਉਂਦੇ ਹਨ ਉਥੇ ਵੰਸ਼ ਲਈ ਵੀ ਬੜੀ ਗੌਰਵਤਾ ਦੀ ਗੱਲ ਬਣਦੀ ਹੈ ਉਸ ਵੰਸ਼ ਨੂੰ ਧੰਨਤਾ ਯੋਗ ਕਿਹਾ ਹੈ:

ਯਥਾ— **ਧੰਨੁ ਸੁ ਵੰਸੁ ਧੰਨੁ ਸੁ ਪਿਤਾ ਧੰਨੁ ਸੁ ਮਾਤਾ ਜਿਨਿ ਜਨ ਜਣੇ ॥**
**ਜਿਨ ਸਾਸਿ ਗਿਰਾਸਿ ਧਿਆਇਆ ਮੇਰਾ ਹਰਿ ਹਰਿ ਸੇ ਸਾਚੀ ਦਰਗਹ ਹਰਿ ਜਨ ਬਣੇ ॥੩॥**

[ਭੈਰਉ ਮਃ ੪, ਅੰਗ ੧੧੩੪]

ਜਿਥੇ ਮਾਤਾ ਪਿਤਾ ਤੇ ਵੰਸ਼ ਨੂੰ ਧੰਨਤਾ ਯੋਗ ਬਣਾਉਂਦੇ ਹਨ ਉਥੇ ਜਿਸ ਨਗਰ ਵਿਚ ਰਹਿਣ ਉਸ ਧਰਤੀ ਤੇ ਉਸ ਨਗਰ ਨੂੰ ਵੀ ਗੁਰਬਾਣੀ ਵਿਚ ਧੰਨ ਕਿਹਾ ਹੈ:

ਯਥਾ— **ਧੰਨਿ ਸੁ ਗਾਉ ਧੰਨਿ ਸੋ ਠਾਉ ਧੰਨਿ ਪੁਨੀਤ ਕੁਟੰਬ ਸਭ ਲੋਇ ॥**

[ਬਿਲਾਵਲ ਰਵਿਦਾਸ ਜੀ, ਅੰਗ ੮੫੮]

ਇਸ ਪ੍ਰਕਾਰ ਮਾਤਾ ਪਿਤਾ ਵੰਸ ਨਗਰ ਤੇ ਹੋਰ ਵੀ ਬਹੁਤ ਸਾਰੇ ਲੋਕ ਨਾਮ ਜਪਣ ਵਾਲੇ ਪ੍ਰਤਾਪੀ ਮਹਾਂਪੁਰਸ਼ ਕਰਕੇ ਧੰਨਤਾ ਦੇ ਯੋਗ ਬਣ ਜਾਂਦੇ ਹਨ। ਐਸੇ ਸੰਤ ਪੁੱਤਰ ਦਾ ਪੈਦਾ ਹੋਣਾ ਬੜੀ ਗੌਰਵਤਾ ਦੀ ਗੱਲ ਹੈ। ਪਰ ਇਨ੍ਹਾਂ ਲਾਇਕ ਪੁੱਤਰਾਂ ਤੋਂ ਬਿਨਾਂ ਨਲਾਇਕ ਪੁੱਤਰਾਂ, ਚੋਰ, ਯਾਰ, ਠੱਗ ਸਮਾਜ ਨੂੰ ਦੁੱਖ ਦੇਣ ਵਾਲੇ ਪੁੱਤਰਾਂ ਨੂੰ ਜਨਮ ਦੇਣ ਵਾਲੀ ਮਾਤਾ ਨੂੰ ਮੁਖਵਾਕ ਦੀ ਇਸ ਤੁਕ ਵਿਚ ਕਿਹਾ ਹੈ ਕਿ ਤੂੰ ਬਿਨਾਂ ਔਲਾਦ ਮਰ ਜਾਂਦੀ ਤਾਂ ਚੰਗਾ ਸੀ।

## *ਤਿਨ ਸੁੰਞੀ ਦੇਹ ਫਿਰਹਿ ਬਿਨੁ ਨਾਵੈ*
## *ਓਇ ਖਪਿ ਖਪਿ ਮੁਏ ਕਰਾਂਝਾ ॥੧॥*

ਐਸੇ ਸਾਕਤ ਪੁਰਸ਼ਾਂ ਦੀ ਦੇਹੀ ਪ੍ਰਭੂ ਦੇ ਨਾਮ ਤੋਂ ਬਿਨਾਂ ਸੁੰਞੀ=ਖਾਲੀ ਫਿਰਦੀ ਹੈ। ਉਹ ਪੁਰਸ਼ ਕਰਾਂਝਾ=ਕਲਪਣਾ ਵਿਚ ਖਪਿ-ਖਪਿ ਕੇ ਮਰ ਗਏ ਹਨ। ਵਾ-ਉਹ ਕਰਾਂਝਾ=ਕਰੁੰਝਏ ਦੇ ਬਨ ਸੰਸਾਰ ਵਿਚ ਖੱਪ-ਖੱਪ ਕੇ ਨਿਸਫਲ ਹੀ ਮਰ ਗਏ ਹਨ। ਵਾ-ਕਰਾਂਝਾ=ਕ੍ਰਿਝ-ਕ੍ਰਿਝ ਕੇ ਮਰ ਗਏ ਹਨ। ਵਾ-ਕਰਾਂਝਾ=ਕਜੀਆਂ ਵਿਚ ਭਾਵ ਧੰਧਿਆਂ ਵਿਚ ਖੱਪ ਖੱਪ ਕੇ ਮਰ ਗਏ ਹਨ।

## *ਮੇਰੇ ਮਨ ਜਪਿ ਰਾਮ ਨਾਮੁ ਹਰਿ ਮਾਝਾ ॥*

ਹੇ ਮੇਰੇ ਮਨ! ਹਰਿ=ਹਰੇਕ ਸੁਆਸ-ਸੁਆਸ ਮਾਝਾ=ਵਿਚ ਰਾਮ=ਰਮੇ ਹੋਏ ਪ੍ਰਮੇਸ਼ਰ ਦੇ ਨਾਮ ਨੂੰ ਜਪਣਾ ਕਰ।

## *ਹਰਿ ਹਰਿ ਕ੍ਰਿਪਾਲਿ ਕ੍ਰਿਪਾ ਪ੍ਰਭਿ ਧਾਰੀ*
## *ਗੁਰਿ ਗਿਆਨੁ ਦੀਓ ਮਨੁ ਸਮਝਾ ॥ ਰਹਾਉ ॥*

ਜਦੋਂ ਕ੍ਰਿਪਾਲੂ ਹਰਿ=ਵਾਹਿਗੁਰੂ ਨੇ ਹਰਿ=ਹਰ ਤਰ੍ਹਾਂ ਕਰਕੇ ਕ੍ਰਿਪਾ ਦ੍ਰਿਸ਼ਟੀ ਧਾਰੀ ਭਾਵ ਕਰਨਾ ਕੀਤੀ ਤਾਂ ਸਤਿਗੁਰਾਂ ਨੇ ਉਸ ਪ੍ਰਭਿ=ਮਾਲਕ ਦਾ ਗਿਆਨ ਦੇਣਾ ਕੀਤਾ ਜਿਸ ਗਿਆਨ ਕਰਕੇ ਮਨ ਨੂੰ ਸਮਝਾ=ਸਮਝ ਆ ਗਈ ਵਾ-ਮਨ ਵਿਕਾਰਾਂ ਵਲੋਂ ਸਮਝ ਗਿਆ ਭਾਵ ਵਿਕਾਰਾਂ ਨੂੰ ਖੋਟੇ ਜਾਣ ਕੇ ਉਨ੍ਹਾਂ ਵਲੋਂ ਹਟ ਗਿਆ।

## *ਹਰਿ ਕੀਰਤਿ ਕਲਜੁਗਿ ਪਦੁ ਊਤਮੁ ਹਰਿ ਪਾਈਐ ਸਤਿਗੁਰ ਮਾਝਾ ॥*

ਕਲਜੁਗ ਦੇ ਵਿਚ ਹਰਿ=ਵਾਹਿਗੁਰੂ ਦੀ ਕੀਰਤੀ ਉੱਤਮ ਪਦਵੀ ਕੈਵਲ ਮੋਖਸ਼ ਵਾ-ਪ੍ਰਭੂ ਵਿਚ ਅਭੇਦ ਰੂਪ ਉੱਤਮ ਪਦਵੀ ਦੇ ਦੇਣ ਵਾਲੀ ਹੈ। ਪਰ ਹਰਿ=ਵਾਹਿਗੁਰੂ ਦੀ ਇਹ ਕੀਰਤੀ ਸਤਿਗੁਰਾਂ ਦੀ ਸੰਗਤ ਦੇ ਮਾਝਾ=ਵਿਚੋਂ ਪ੍ਰਾਪਤ ਹੁੰਦੀ ਹੈ।

PDF created with pdfFactory Pro trial version www.pdffactory.com

## ਹਉ ਬਲਿਹਾਰੀ ਸਤਿਗੁਰ ਅਪੁਨੇ ਜਿਨਿ ਗੁਪਤੁ ਨਾਮੁ ਪਰਗਾਝਾ ॥੨॥

ਮੈਂ ਆਪਣੇ ਸਤਿਗੁਰਾਂ ਤੋਂ ਬਲਿਹਾਰ ਜਾਂਦਾ ਹਾਂ ਜਿਨ੍ਹਾਂ ਨੇ ਮੇਰੇ ਹਿਰਦੇ ਵਿਚ ਗੁਪਤ ਨਾਮ ਨੂੰ ਪ੍ਰਗਟ ਕਰ ਦਿੱਤਾ ਹੈ।

## ਦਰਸਨੁ ਸਾਧ ਮਿਲਿਓ ਵਡਭਾਗੀ ਸਭਿ ਕਿਲਬਿਖ ਗਏ ਗਵਾਝਾ ॥

ਵਡਭਾਗੀ=ਵੱਡੇ ਭਾਗਾਂ ਵਾਲੇ ਜਿਨ੍ਹਾਂ ਪੁਰਸ਼ਾਂ ਨੂੰ ਸਾਧ=ਸਤਿਗੁਰਾਂ ਵਾ-ਮਹਾਂਪੁਰਸ਼ਾਂ ਦਾ ਦਰਸ਼ਨ ਮਿਲਿਓ=ਪ੍ਰਾਪਤ ਹੋਇਆ ਹੈ ਉਨ੍ਹਾਂ ਦੇ ਸਾਰੇ ਕਿਲਬਿਖ=ਬੱਜਰ ਪਾਪ ਗਵਾਝਾ=ਨਾਸ ਹੋ ਗਏ ਹਨ। ਵਾ-ਕਿਲਬਿਖ=ਪਾਪ ਚਲੇ ਗਏ ਅਤੇ ਪਾਪਾਂ ਦਾ ਫਲ ਨਰਕ ਵੀ ਗਵਾਝਾ=ਗੁਵਾਚ ਗਿਆ ਹੈ।

## ਸਤਿਗੁਰੁ ਸਾਹੁ ਪਾਇਆ ਵਡ ਦਾਣਾ ਹਰਿ ਕੀਏ ਬਹੁ ਗੁਣ ਸਾਝਾ ॥੩॥

ਜਿਸ ਵੇਲੇ ਸਭ ਤੋਂ ਵੱਡੇ ਦਾਤੇ ਸਤਿਗੁਰਾਂ ਰੂਪ ਸਾਹੁ=ਸਾਹੂਕਾਰ ਨੂੰ ਪਾਇਆ=ਪ੍ਰਾਪਤ ਕੀਤਾ ਤਾਂ ਸਤਿਗੁਰਾਂ ਨੇ ਮੇਰੇ ਨਾਲ ਹਰਿ=ਵਾਹਿਗੁਰੂ ਦੇ ਬਹੁਤੇ ਗੁਣਾਂ ਦੀ ਸਾਂਝ ਪਾਉਣਾ ਕੀਤੀ ਭਾਵ ਮੈਨੂੰ ਪ੍ਰਮੇਸ਼ਰ ਦੇ ਗੁਣ ਬਖਸ਼ਣਾ ਕੀਤੇ।

## ਜਿਨ ਕਉ ਕ੍ਰਿਪਾ ਕਰੀ ਜਗ ਜੀਵਨਿ ਹਰਿ ਉਰਿ ਧਾਰਓ ਮਨ ਮਾਝਾ ॥

ਜਿਨ੍ਹਾਂ ਜਗਿਆਸੂਆਂ ਦੇ ਉਤੇ ਸੰਸਾਰ ਨੂੰ ਜੀਵਨ ਦੇਣ ਵਾਲੇ ਵਾਹਿਗੁਰੂ ਨੇ ਕ੍ਰਿਪਾ ਕਰਨੀ ਕੀਤੀ ਹੈ ਉਨ੍ਹਾਂ ਨੇ ਹਰਿ=ਵਾਹਿਗੁਰੂ ਨਾਮ ਨੂੰ ਮਨ=ਮੰਨ ਕੇ ਭਾਵ ਮੰਨਣ ਕਰਕੇ ਉਰਿ=ਹਿਰਦੇ ਦੇ ਮਾਝਾ=ਵਿਚ ਧਾਰਿਓ=ਧਾਰਨਾ ਕੀਤਾ ਹੈ।

## ਧਰਮ ਰਾਇ ਦਰਿ ਕਾਗਦ ਫਾਰੇ ਜਨ ਨਾਨਕ ਲੇਖਾ ਸਮਝਾ ॥੪॥੫॥

ਸਤਿਗੁਰੂ ਜੀ ਫੁਰਮਾਨ ਕਰਦੇ ਹਨ ਕਿ ਨਾਮ ਦੀ ਸ਼ਕਤੀ ਦੁਆਰਾ ਉਨ੍ਹਾਂ ਸਤਪੁਰਸ਼ਾਂ ਨੇ ਧਰਮ ਰਾਜ ਦੇ ਦਰਿ=ਵਿਚ ਜੋ ਉਨ੍ਹਾਂ ਦੇ ਕਰਮਾਂ ਦੇ ਕਾਗਜ਼ ਸਨ ਉਹ ਪਾੜੇ ਗਏ ਹਨ ਉਨ੍ਹਾਂ ਸੰਤ ਜਨਾਂ ਦਾ ਲੇਖਾ ਸਮਝਿਆ ਗਿਆ ਹੈ ਭਾਵ ਉਨ੍ਹਾਂ ਦਾ ਲੇਖਾ ਦੂਰ ਹੋ ਗਿਆ ਹੈ।

ਯਥਾ— **ਸੰਤਨ ਮੋ ਕਉ ਪੂੰਜੀ ਸਉਪੀ ਤਉ ਉਤਰਿਆ ਮਨ ਕਾ ਧੋਖਾ ॥**
**ਧਰਮ ਰਾਇ ਅਬ ਕਹਾ ਕਰੈਗੋ ਜਉ ਫਾਟਿਓ ਸਗਲੋ ਲੇਖਾ ॥** [ਸੋਰਠਿ ਮਃ ੫, ਅੰਗ ੬੧੪]

**ਵਾ**-ਜਨ=ਪਿਆਰੇ ਜਗਿਆਸੂਆਂ ਨੇ ਨਾਮ ਦੀ ਸ਼ਕਤੀ ਦੁਆਰਾ ਕਰਮਾਂ ਦਾ ਲੇਖਾ ਸਮਝ ਕੇ ਧਰਮ ਰਾਜ ਦੇ ਦਰ ਤੇ ਲਿਜਾਣ ਵਾਲੇ ਜੋ ਸੰਸਕਾਰਾਂ ਰੂਪ ਕਾਗਜ਼ ਵਾ-ਸੰਚਤ ਕਰਮਾਂ ਰੂਪ ਕਾਗਜ਼ ਵਾ ਅਭਿਮਾਨ ਰੂਪ ਕਾਗਜ਼ ਅੰਤਸਕਰਨ ਵਿਚੋਂ ਪਾੜ ਦਿੱਤੇ ਹਨ। ਪਰ ਇਹ ਸਭ ਕੁਝ ਗੁਰੂ ਦੀ ਕਿਰਪਾ ਦੁਆਰਾ ਹੀ ਸੰਭਵ ਹੋ ਸਕਦਾ ਹੈ। ਜਿਸ ਤਰ੍ਹਾਂ ਇਤਿਹਾਸ ਵਿਚ ਸਾਖੀ ਆਉਂਦੀ ਹੈ ਕਿ ਇਕ ਸਿੱਖ ਨੇ ਗੁਰੂ ਅਰਜਨ ਸਾਹਿਬ ਦੇ ਚਰਨਾਂ ਵਿਚ ਬੇਨਤੀ ਕੀਤੀ ਕਿ ਸਤਿਗੁਰੂ ਜੀ ਆਪ ਨਿਤਾਪ੍ਰਤੀ ਉਪਦੇਸ਼ ਕਰਦੇ ਹੋ ਕਿ ਨਾਮ ਜਪਣ ਵਾਲਿਆਂ ਦਾ ਪ੍ਰਲੋਕ ਦਾ ਲੇਖਾ ਮਿਟ ਜਾਂਦਾ ਹੈ ਉਨ੍ਹਾਂ ਨੂੰ ਪ੍ਰਲੋਕ ਦੇ ਦੁੱਖ ਪ੍ਰਾਪਤ ਨਹੀਂ ਹੁੰਦੇ ਮੈਨੂੰ ਇਸ ਗੱਲ ਤੇ ਨਿਸਚਾ ਕਿਸ ਤਰ੍ਹਾਂ ਆਵੇ। ਗੁਰੂ ਅਰਜਨ ਸਾਹਿਬ ਕਹਿਣ ਲੱਗੇ ਕਿ ਸਿੱਖਾ ਤੈਨੂੰ ਇਸ ਗੱਲ ਦਾ ਉੱਤਰ ਠਹਿਰ ਕੇ ਦੇਵਾਂਗੇ। ਸਤਿਗੁਰਾਂ ਨੇ ਸਿੱਖ ਨੂੰ ਰਾਤ ਸਮੇਂ ਇਕ ਸੁਪਨਾ ਦਿਖਾਇਆ ਸਿੱਖ ਮਰ ਕੇ ਪ੍ਰਲੋਕ ਵਿਚ ਚਲਿਆ ਗਿਆ। ਜਦੋਂ ਧਰਮ ਰਾਜ ਕੋਲ ਪੇਸ਼ੀ ਹੋਈ ਤਾਂ ਧਰਮਰਾਜ ਕਹਿਣ ਲੱਗਾ ਇਹ ਨੀਚ ਪੁਰਸ਼ ਸੀ ਪਰ ਹੁਣ ਇਸਨੇ ਸਤਿਗੁਰੂ ਜੀ ਦਾ ਸੰਗ ਕੀਤਾ ਹੈ ਜਿਸ ਕਰਕੇ ਇਸ ਦੀ ਉਮਰ ਚਾਰ ਮਹੀਨੇ ਦੀ ਹੋਰ ਵਧਾਈ ਜਾਵੇ ਤਾਂ ਜੋ ਇਹ ਨਾਮ ਜਪ ਕੇ ਮੁਕਤ ਹੋ ਸਕੇ ਨਹੀਂ ਤਾਂ ਇਸ ਦੇ ਪਿਛਲੇ ਕਰਮਾਂ ਦਾ ਜੋ ਲੇਖਾ ਹੈ ਉਸ ਅਨੁਸਾਰ ਇਹ ਕਦੇ ਵੀ ਕੁੰਭੀ ਪਾਕ ਨਰਕ ਵਿਚੋਂ ਨਹੀਂ

PDF created with pdfFactory Pro trial version www.pdffactory.com

ਨਿਕਲ ਸਕਦਾ। ਜੇ ਇਸਨੇ ਚਾਰ ਮਹੀਨੇ ਵਿੱਚ ਨਾਮ ਨਾ ਜਪਿਆ ਤਾਂ ਇਸਨੂੰ ਕੁੰਭੀ ਪਾਕ ਨਰਕ ਦਿਖਾ ਦੇਵੋ ਜਿਸ ਵਿਚ ਇਸਨੂੰ ਪਾਇਆ ਜਾਣਾ ਹੈ। ਨਰਕ ਦਿਖਾ ਕੇ ਇਸਨੂੰ ਵਾਪਸ ਦੇਹ ਵਿਚ ਭੇਜ ਦਿੱਤਾ, ਉਸੇ ਸਮੇਂ ਇਸ ਦੀ ਅੱਖ ਖੁਲ੍ਹ ਗਈ। ਦੂਜੇ ਦਿਨ ਸਤਿਗੁਰੂ ਜੀ ਕੋਲ ਗਿਆ ਤਾਂ ਸਤਿਗੁਰਾਂ ਨੇ ਕਿਹਾ ਕਿ ਸਿੱਖਾ ਦੱਸ ਰਾਤੀ ਨਾਮ ਦਾ ਪ੍ਰਤਾਪ ਦੇਖ ਲਿਆ ਕਿ ਨਹੀਂ ਸਿੱਖ ਕਹਿਣ ਲੱਗਾ ਕਿ ਸਤਿਗੁਰੂ ਜੀ ਮੈਂ ਪਿਛਲੇ ਸਮੇਂ ਵਿਚ ਬਹੁਤ ਪਾਪ ਕੀਤੇ ਹਨ ਚਾਰ ਮਹੀਨੇ ਨਾਮ ਜਪਣ ਨਾਲ ਇਹ ਨਾਸ ਨਹੀਂ ਹੋਣੇ ਮੇਰੀ ਉਮਰ ਹੋਰ ਵਧਾ ਦਿਓ। ਸਤਿਗੁਰੂ ਜੀ ਕਹਿਣ ਲੱਗੇ ਨਾਮ ਵਿਚ ਐਸੀ ਸ਼ਕਤੀ ਹੈ ਕਿ ਜਿਸ ਤਰ੍ਹਾਂ ਥੋੜ੍ਹੀ ਜਿਹੀ ਅੱਗ ਲੱਖਾਂ ਮਣ ਲੱਕੜਾਂ ਨੂੰ ਸਾੜ ਕੇ ਸੁਆਹ ਕਰ ਦਿੰਦੀ ਹੈ ਇਸੇ ਤਰ੍ਹਾਂ ਗੁਰੂ ਦੀ ਕਿਰਪਾ ਦੁਆਰਾ ਮਿਲਿਆ ਨਾਮ ਮਨ ਨੂੰ ਇਕਾਗਰ ਕਰਕੇ ਥੋੜ੍ਹਾ ਸਮਾਂ ਜਪਣ ਨਾਲ ਹੀ ਸਾਰੇ ਪਾਪ ਸੁਆਹ ਹੋ ਜਾਂਦੇ ਹਨ ਨਾਮ ਅਤੇ ਗੁਰੂ ਦੀ ਕਿਰਪਾ ਦੁਆਰਾ ਧਰਮਰਾਜ ਦਾ ਸਾਰਾ ਕਰਮਾਂ ਦਾ ਲੇਖਾ ਖਤਮ ਹੋ ਜਾਂਦਾ ਹੈ ਤੇ ਜਗਿਆਸੂ ਪ੍ਰਭੂ ਵਿਚ ਅਭੇਦ ਹੋ ਜਾਂਦਾ ਹੈ। ਸਤਿਗੁਰੂ ਜੀ ਨੇ ਉਸ ਦੇ ਮਨ ਨੂੰ ਇਕਾਗਰ ਕਰਨ ਵਾਸਤੇ

**ਬਿਨੁ ਸਿਮਰਨ ਜੈਸੇ ਸਰਪ ਆਰਜਾਰੀ ॥** [ਗਉੜੀ ਮਃ ੫, ਅੰਗ ੨੩੯]

ਇਹ ਸ਼ਬਦ ਉਚਾਰਨ ਕੀਤਾ। ਇਸ ਤੋਂ ਸਿੱਖ ਦਾ ਮਨ ਇਕਾਗਰ ਹੋ ਕੇ ਨਾਮ ਵਿਚ ਜੁੜ ਗਿਆ ਤੇ ਨਾਮ ਜਪ ਕੇ ਆਪਣੇ ਕਰਮਾਂ ਦੇ ਲੇਖੇ ਨੂੰ ਮੇਟ ਕੇ ਗੁਰੂ ਦੀ ਕਿਰਪਾ ਦੁਆਰਾ ਪ੍ਰਮੇਸ਼ਰ ਵਿਚ ਅਭੇਦ ਹੋ ਗਿਆ।

ਵਾਹਿਗੁਰੂ ਜੀ ਕਾ ਖ਼ਾਲਸਾ॥ ਵਾਹਿਗੁਰੂ ਜੀ ਕੀ ਫ਼ਤਹ॥

PDF created with pdfFactory Pro trial version www.pdffactory.com